ਦਸਮ-ਬਾਣੀ ਦਾ

(ਪੰਥਕ ਸੰਪ੍ਰਦਾਈ ਸ਼੍ਰੋਮਣੀ ਟੀਕਾ)

# ਭਗਉਤੀ ਬ੍ਰਹਮ ਕਵਚ
# ਭਗਉਤੀ ਅਸਤੋਤ੍ਰ

ਅਤੇ

## (ਜੀਵਨ ਬਾਬਾ ਪਾਲਾ ਸਿੰਘ ਜੀ ਗਊਆਂ ਵਾਲੇ)



ਪ੍ਰਕਾਸ਼ਕ:
ਸਿੰਘ ਸਾਹਿਬ ਜਥੇਦਾਰ ਬਾਬਾ ਗੱਜਣ ਸਿੰਘ ਜੀ
15ਵੇਂ ਮੁੱਖੀ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ, ਸ੍ਰੀ ਬਾਬਾ ਬਕਾਲਾ ਸਾਹਿਬ

Scanned with CamScanner

ਦਸਮ-ਬਾਣੀ ਦਾ

(ਪੰਥਕ ਸੰਪ੍ਰਦਾਈ ਸ਼੍ਰੋਮਣੀ ਟੀਕਾ)

# ਭਗਉਤੀ ਬ੍ਰਹਮ ਕਵਚ

# ਭਗਉਤੀ ਅਸਤੋਤ੍ਰ

ਅਤੇ

(ਜੀਵਨ ਬਾਬਾ ਪਾਲਾ ਸਿੰਘ ਜੀ ਗਊਆਂ ਵਾਲੇ)


ਟੀਕਾਕਾਰ

ਗਿ. ਗੁਰਵਿੰਦਰ ਸਿੰਘ ਨੰਗਲੀ

ਸਹਾਇਕ ਟੀਕਾਕਾਰ

ਗਿ. ਮਹਿਤਾਬ ਸਿੰਘ ਭੰਬੋਈ

ਲੇਖਕ :

ਗਿ. ਜਸਵੀਰ ਸਿੰਘ ਕੋਹਾਲਾ



ਪ੍ਰਕਾਸ਼ਕ :

**ਸਿੰਘ ਸਾਹਿਬ ਜਥੇਦਾਰ ਬਾਬਾ ਗੱਜਣ ਸਿੰਘ ਜੀ**

15ਵੇਂ ਮੁੱਖੀ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ

ਸ੍ਰੀ ਬਾਬਾ ਬਕਾਲਾ ਸਾਹਿਬ।


Scanned with CamScanner

# ਸਮਰਪਣ

ਸ੍ਰੀ ਗੁਰੂ ਨਾਨਕ ਦੇਵ ਜੀ ਦੇ

550ਵੇਂ ਪ੍ਰਕਾਸ਼ ਪੁਰਬ

ਅਤੇ

ਦਸਮ ਬਾਣੀ ਦੇ ਮਹਾਨ ਪ੍ਰੇਮੀ

ਸ਼ਹੀਦ ਭਾਈ ਮਨੀ ਸਿੰਘ ਜੀ,

ਸ਼ਹੀਦ ਬਾਬਾ ਦੀਪ ਸਿੰਘ ਜੀ,

ਸ਼ਹੀਦ ਬਾਬਾ ਗੁਰਬਖਸ਼ ਸਿੰਘ ਜੀ,

ਨਗਾਰਚੀ ਬਾਬਾ ਨਾਥਾ ਸਿੰਘ ਜੀ,

ਬਾਬਾ ਜੀਤ ਸਿੰਘ ਜੀ ਦਮਦਮਾ ਸਾਹਿਬ,

ਬਾਬਾ ਸੁੱਖਾ ਸਿੰਘ ਜੀ ਪਟਨਾ ਸਾਹਿਬ,

**ਵੈਰਾਗੀ ਅਤੇ ਤਿਆਗੀ**

**ਮਹਾਨ ਨਿਰਮਲ ਆਤਮਾ**

ਬਾਬਾ ਪਾਲਾ ਸਿੰਘ ਜੀ ਗਊਆਂ ਵਾਲੇ

Scanned with CamScanner

ਪ੍ਰਕਾਸ਼ ਅਸਥਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ।। ਪਟਨਾ ਗੁਰੂ ਕਾ ਘਰ ਹੈ। (ਹੁਕਮਨਾਮਾ ਪਾ:੯)

ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ ਖਾਲਸਾ
ਜੱਥੇਦਾਰ, ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ,
ਪਟਨਾ-੮੦੦ ੦੦੮, ਬਿਹਾਰ (ਭਾਰਤ)

SINGH SAHIB GIANI IQBAL SINGH KHALSA
*Jathedar*, Takhat Sri Harimandir Ji, Patna Sahib,
Patna-800 008, Bihar (India)
Email: jathedaariqubalsingh@gmail.com

## ।। ਪ੍ਰਸੰਸਾ ਪੱਤਰ ।।

ਮਤਾ ਨੰ: ਵਿਸ਼ੇਸ਼

ਮਿਤੀ 28.3.2018

ਸਾਹਿਬੇ-ਕਮਾਲ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਰਚਨਾ, ਦਸਮ-ਬਾਣੀ ਵਿੱਚੋਂ ਬੀਰਰਸ ਡੁੱਲ੍ਹ-ਡੁੱਲ੍ਹ ਕੇ ਪੈਂਦਾ ਹੈ। ਸਤਿਗੁਰੂ ਜੀ ਨੇ ਆਪਣੀ ਹਰੇਕ ਰਚਨਾ ਵਿੱਚ ਭਗਉਤੀ (ਸ੍ਰੀ ਸਾਹਿਬ ਜੀ) ਦੀ ਉਸਤਤਿ ਅਤੇ ਸਸਤ੍ਰਾਂ ਨੂੰ ਪੀਰ ਕਹਿ ਕੇ ਨਿਵਾਜਿਆ ਹੈ। ਸਤਿਗੁਰੂ ਜੀ ਐਸੀ ਰਚਨਾ ਸ੍ਰੀ ਬ੍ਰਹਮ ਕਵਚ ਅਤੇ ਭਗਉਤੀ ਅਸਤੋਤ੍ਰ, ਜਿਸ ਵਿੱਚ ਬੀਰਰਸ ਅਤੇ ਸ੍ਰੀ ਸਾਹਿਬ ਦੀ ਭਰਪੂਰ ਉਸਤਤਿ ਹੈ। ਪੁਰਾਤਨ ਗੁਰੂ ਕੇ ਸਿੰਘ ਇਨ੍ਹਾਂ ਬਾਣੀਆਂ ਦਾ ਪਾਠ ਨਿਤਨੇਮ ਵਿੱਚ ਹਰਰੋਜ਼ ਕਰਦੇ ਸਨ ਜੋ ਕਿ ਅੱਜ ਤੱਕ ਗੁਰੂ ਕਾ ਖ਼ਾਲਸਾ ਕਰ ਰਿਹਾ ਹੈ।

ਅੱਜ ਬਹੁਤ ਖੁਸ਼ੀ ਦੀ ਗੱਲ ਹੈ ਕਿ ਸਤਿਕਾਰਯੋਗ ਗਿਆਨੀ ਬਾਬਾ ਗੁਰਵਿੰਦਰ ਸਿੰਘ ਜੀ ਨੈਗਾਲੀ ਪ੍ਰਚਾਰਕ ਤਰਨਾ ਦਲ ਸ੍ਰੀ ਬਾਬਾ ਬਕਾਲਾ ਸਾਹਿਬ, ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ 15 ਵੇਂ ਜਥੇਦਾਰ ਸਿੰਘ ਸਾਹਿਬ ਜਥੇਦਾਰ ਬਾਬਾ ਗੱਜਣ ਸਿੰਘ ਜੀ ਦੀ ਆਗਿਆ ਅਨੁਸਾਰ ਇਨ੍ਹਾਂ ਗੁਰਬਾਣੀਆਂ ਦਾ ਟੀਕਾ ਪੁਰਾਤਨ ਰਿਵਾਇਤਾਂ ਅਨੁਸਾਰ ਕਰ ਰਹੇ ਹਨ। ਭਗਉਤੀ ਅਸਤੋਤ੍ਰ ਨਾਮ ਦੀ ਗੁਰਬਾਣੀ ਤਖ਼ਤ ਸ੍ਰੀ ਪਟਨਾ ਸਾਹਿਬ ਵਾਲੀ (ਬਾਬੇ ਦੀਪ ਸਿੰਘ ਸ਼ਹੀਦ ਅਤੇ ਬਾਬੇ ਸੁੱਖਾ ਸਿੰਘ ਜੀ ਵਾਲੀ) ਬੀੜ ਵਿੱਚ ਮੌਜੂਦ ਹੈ।

ਮੈਂ ਆਪਣੇ ਵੱਲੋਂ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਵੱਲੋਂ ਗਿਆਨੀ ਜੀ ਦੇ ਇਸ ਚੁੱਕੇ ਹੋਏ ਕਦਮਾਂ ਦੀ ਸ਼ਲਾਘਾ ਕਰਦਾ ਹੋਇਆ ਕਲਗੀਧਰ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਹਾਂ ਕਿ ਕਲਗੀਧਰ ਜੀ ਗਿਆਨੀ ਜੀ ਹੋਣਾਂ ਨੂੰ ਹੋਰ ਐਸੇ ਉਪਰਾਲੇ ਕਰਨ ਦਾ ਬਲ ਬਖਸ਼ਣ ਅਤੇ ਗਿਆਨੀ ਗੁਰਵਿੰਦਰ ਸਿੰਘ ਜੀ, ਗਿਆਨੀ ਜਸਬੀਰ ਸਿੰਘ ਸੇਤ ਗਿਆਨੀ ਜੀ, ਗਿਆਨੀ ਮਹਿਤਾਬ ਸਿੰਘ ਜੀ, ਗਿਆਨੀ ਦਰਸ਼ਨ ਸਿੰਘ ਜੀ ਬਨ ... ਅੱਗੇ ਤੋਂ ਅੱਗੇ ਐਸੇ ਉਪਰਾਲੇ ਕਰਦੇ ਰਹਿਣ

ਤਖ਼ਤ ਸ੍ਰੀ ਹਰਿ ਮੰਦਰ ਜੀ ਪਟਨਾ ਸਾਹਿਬ

ਦਾਸ
ਇਕਬਾਲ ਸਿੰਘ ਖਾਲਸਾ
ਜਥੇਦਾਰ
ਤਖ਼ਤ ਸ੍ਰੀ ਹਰਿ ਮੰਦਰ ਜੀ
ਪਟਨਾ ਸਾਹਿਬ

Scanned with CamScanner

੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ਼੍ਰੋਮਣੀ ਤਰਨਾ ਦਲ ਮਿਸਲ ਬਾਬਾ ਦੀਪ ਸਿੰਘ ਜੀ ਸ਼ਹੀਦ

ਜਥੇਦਾਰ ਬਾਬਾ ਬਿਸ਼ਨ ਸਿੰਘ ਜੀ, ਜਥੇਦਾਰ ਬਾਬਾ ਕੀਰਤਨ ਸਿੰਘ ਜੀ, ਜਥੇਦਾਰ ਬਾਬਾ ਮੱਖਣ ਸਿੰਘ ਜੀ

**ਮੌਜੂਦਾ ਜਥੇਦਾਰ ਸਿੰਘ ਸਾਹਿਬ ਬਾਬਾ ਗੱਜਣ ਸਿੰਘ ਜੀ।**

**ਹੈੱਡ ਕੁਆਰਟਰ: ਬਾਬਾ ਬਕਾਲਾ ਸਾਹਿਬ (ਅੰਮ੍ਰਿਤਸਰ)**

ਮਿਤੀ: 16.9.2018

## ਸੁਨੇਹ ਅੱਖਰ

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਜਦੋਂ ਛੋਟੀ ਉਮਰ ਵਿਚ ਸਨ ਤਾਂ ਉਨ੍ਹਾਂ ਇਕ ਵਾਰ ਆਪਣੇ ਨਾਨਾ ਗੁਰੂ ਸ੍ਰੀ ਅਮਰਦਾਸ ਜੀ ਦੇ ਪਲੰਘੇ ਨੂੰ ਹਿਲਾ ਦਿੱਤਾ ਤਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਵਰ ਦਿੱਤਾ ਕਿ ਇਹ ਭਾਰੀ ਗੁਰੂ ਹੋਣਗੇ ਅਤੇ ਵਚਨ ਕੀਤਾ-

**ਦੋਹਿਤਾ ਬਾਣੀ ਕਾ ਬੋਹਿਥਾ॥**

ਸੋ ਇਨ੍ਹਾਂ ਵਚਨਾਂ ਨੂੰ ਸਕਾਰ ਕਰਦਿਆਂ ਹੋਇਆਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬੇਅੰਤ ਬਾਣੀ ਦੀ ਰਚਨਾ ਕੀਤੀ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋ ਸਿੱਖੀ ਦਾ ਮਾਰਗ ਚਲਾਇਆ ਸੀ, ਉਸ ਮਾਰਗ ਅੰਦਰ ਦੋ ਪ੍ਰਕਾਰ ਦੀ ਸਿੱਖੀ ਮੰਨੀ ਜਾਂਦੀ ਹੈ। ਪਹਿਲੇ ਦਰਜੇ 'ਤੇ ਸਿਦਕ ਦੀ ਸਿੱਖੀ ਅਤੇ ਦੂਜੇ ਦਰਜੇ 'ਤੇ ਭਾਵਨਾ ਦੀ ਸਿੱਖੀ ਹੈ। ਗੁਰੂ ਘਰ ਵਿਚ ਦੋਨੋਂ ਪ੍ਰਕਾਰ ਦੀ ਸਿੱਖੀ ਨਿਭਾਉਣ ਵਾਲੇ ਅਨੇਕਾਂ ਗੁਰਸਿੱਖ ਹੋਏ। ਸਤਿਗੁਰਾਂ ਨੇ ਆਪ ਇਸ ਮਾਰਗ ਉਪਰ ਚੱਲ ਕੇ ਪੂਰਨੇ ਪਾ ਕੇ ਸਿੱਖਾਂ ਨੂੰ ਤੁਰਨਾ ਸਿਖਾਇਆ। ਜਿਵੇਂ ਸ੍ਰੀ ਗੁਰੂ ਅਰਜਨ ਦੇਵ ਦੇ ਸਮੇਂ ਸੁਲਹੀ ਪਠਾਨ ਗੁਰੂ ਘਰ 'ਤੇ ਚੜ੍ਹਾਈ ਕਰਕੇ ਆਇਆ ਤਾਂ ਸਤਿਗੁਰਾਂ ਨੇ ਭਾਵਨਾ ਨਾਲ ਵਾਹਿਗੁਰੂ ਦੇ ਚਰਨਾਂ ਵਿਚ ਅਰਦਾਸਿ ਕੀਤੀ।

**ਸੁਲਹੀ ਤੇ ਨਾਰਾਇਣ ਰਾਖੁ॥**
**ਸੁਲਹੀ ਕਾ ਹਾਥੁ ਕਹੀ ਨ ਪਹੁਚੈ**
**ਸੁਲਹੀ ਹੋਇ ਮੂਆ ਨਾਪਾਕੁ॥੧॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)

Scanned with CamScanner

ਸੁਲਹੀ ਪਠਾਨ ਗੁਰੂ ਘਰ ਤੱਕ ਪਹੁੰਚ ਨਾ ਸਕਿਆ ਅਤੇ ਰਸਤੇ ਵਿਚ ਹੀ ਖਤਮ ਹੋ ਗਿਆ। ਫਿਰ ਜਦੋਂ ਸਿਦਕ ਵਾਲੀ ਸਿੱਖੀ ਨਿਭਾਉਣ ਦੀ ਗੱਲ ਆਈ ਤਾਂ ਸਤਿਗੁਰਾਂ ਨੇ ਆਪਣੀ ਸ਼ਹਾਦਤ ਦੇ ਦਿੱਤੀ। ਗੁਰਸਿੱਖਾਂ ਨੇ ਸਤਿਗੁਰਾਂ ਦੇ ਪਾਏ ਹੋਏ ਪੂਰਨਿਆਂ 'ਤੇ ਚਲਦਿਆਂ ਸਿਦਕ ਵਾਲੀ ਸਿੱਖੀ ਨੂੰ ਨਿਭਾਉਂਦਿਆਂ ਹੋਇਆਂ ਅਨੇਕਾਂ ਸ਼ਹਾਦਤਾਂ ਦਿੱਤੀਆਂ ਅਤੇ ਅਨੇਕਾਂ ਗੁਰਸਿੱਖਾਂ ਨੇ ਭਾਵਨਾ ਨਾਲ ਗੁਰਬਾਣੀ ਦਾ ਜਾਪ ਕਰਕੇ ਅਤੇ ਵਾਹਿਗੁਰੂ ਦੇ ਚਰਨਾਂ ਵਿਚ ਅਰਦਾਸ ਬੇਨਤੀ ਕਰਕੇ ਮਾੜੇ ਸਮੇਂ ਨੂੰ ਟਾਲਿਆ।

ਇਕ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖ ਸੰਗਤਾਂ ਵਿਚ ਸੁਭਾਇਮਾਨ ਸਨ। ਜਿਵੇਂ ਅਕਾਸ਼ ਮੰਡਲ ਵਿਚ ਚੰਦਰਮਾ ਤਾਰਿਆਂ ਵਿਚ ਸੋਭਾ ਪਾਉਂਦਾ ਹੈ, ਉਸੇ ਪ੍ਰਕਾਰ ਸਤਿਗੁਰੂ ਜੀ ਸਿੱਖਾਂ ਵਿਚ ਸੋਭਾ ਪਾ ਰਹੇ ਸਨ। ਕੁਝ ਗੁਰਸਿੱਖਾਂ ਨੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਹੇ! ਗਰੀਬ ਨਿਵਾਜ਼ ਸੱਚੇ ਪਾਤਸ਼ਾਹ ਜੀਓ ਪੁਰਾਤਨ ਸਮੇਂ ਵਿਚ ਧਰਮ ਦੇ ਰਸਤੇ 'ਤੇ ਚੱਲਣ ਵਾਲੇ ਜਗਿਆਸੂ ਆਪਣੇ ਇਸ਼ਟ ਦੇਵ ਦਾ ਅਸਤੋਤ੍ਰ ਤੇ ਕਵਚ ਪੜ੍ਹਿਆ ਕਰਦੇ ਸਨ। ਜਿਸ ਨਾਲ ਉਨ੍ਹਾਂ ਜੀਵਾਂ ਦੀ ਰੱਖਿਆ ਹੁੰਦੀ ਸੀ। ਆਪ ਜੀ ਸਾਡੇ 'ਤੇ ਕ੍ਰਿਪਾ ਕਰਕੇ ਸਾਨੂੰ ਇਹੋ ਜਿਹਾ ਉਪਦੇਸ਼ ਬਖਸ਼ੋ ਜਿਸ ਵਿਚ ਹਰ ਥਾਂ 'ਤੇ ਰਮੇ ਹੋਏ ਪ੍ਰਮਾਤਮਾ ਦੀ ਉਸਤਤੀ ਹੋਵੇ ਅਤੇ ਜਿਸ ਨੂੰ ਪੜ੍ਹਨ ਨਾਲ ਸਾਡੀ ਲੋਕ-ਪਰਲੋਕ ਵਿਚ ਰੱਖਿਆ ਹੋਵੇ।

ਸਤਿਗੁਰਾਂ ਨੇ ਸਿੱਖਾਂ ਦੇ ਬੇਨਤੀ ਪ੍ਰਵਾਨ ਕਰਕੇ ਗੌਂਡ ਰਾਗ ਵਿਚ ਦੋ ਸ਼ਬਦ ਉਚਾਰਨ ਕੀਤੇ।

**ਰਾਮ ਰਾਮ ਸੰਗਿ ਕਰਿ ਬਿਉਹਾਰ॥**
**ਰਾਮ ਰਾਮ ਰਾਮ ਪ੍ਰਾਨ ਅਧਾਰ॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)**

**ਰਾਮ ਕਵਚੁ ਦਾਸ ਕਾ ਸੰਨਾਹੁ॥**
**ਦੂਤ ਦੁਸਟ ਤਿਸੁ ਪੋਹਤ ਨਾਹਿ॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)**

ਸਤਿਗੁਰਾਂ ਨੇ ਪਹਿਲੇ ਸ਼ਬਦ ਵਿਚ ਪ੍ਰਮਾਤਮਾ ਦੇ ਨਾਮ ਦਾ ਅਸਤੋਤ੍ਰ ਗਾਇਆ ਅਤੇ ਦੂਜੇ ਸ਼ਬਦ ਵਿਚ ਸਤਿਗੁਰੂ ਜੀ ਨੇ ਰਾਮ ਨਾਮ ਨੂੰ ਸੰਜੋਅ

Scanned with CamScanner

ਵਾਂਗ ਕਿਹਾ ਹੈ। ਪੰਥ ਅੰਦਰ ਇਸ ਸ਼ਬਦ ਨੂੰ ਰਾਮ ਕਵਚ ਨਾਲ ਸਿਮਰਿਆ ਜਾਂਦਾ ਹੈ। ਜਿਵੇਂ ਕਵਚ (ਸੰਜੋਅ) ਜੰਗ ਦੇ ਮੈਦਾਨ ਵਿਚ ਸਹਾਇਤਾ ਕਰਦੀ ਹੈ, ਉਸੇ ਪ੍ਰਕਾਰ ਇਸ ਸ਼ਬਦ ਦੇ ਜਪਣ ਨਾਲ ਅੰਦਰੂਨੀ ਅਤੇ ਬਾਹਰੀ ਰੱਖਿਆ ਹੁੰਦੀ ਹੈ। ਸੋ ਪੁਰਾਤਨ ਗੁਰਸਿੱਖਾਂ ਅੰਦਰ ਇਨ੍ਹਾਂ ਦੋਵਾਂ ਸ਼ਬਦਾਂ ਦਾ ਜਾਪ ਬਹੁਤ ਪਿਆਰ ਨਾਲ ਕੀਤਾ ਜਾਂਦਾ ਸੀ।

ਕਵਚ ਦਾ ਅਰਥ ਹੈ ਕਿ ਬੇਨਤੀ ਨਾਲ ਭਰਿਆ ਸ਼ਬਦ ਜਿਸ ਵਿਚ ਆਪਣੇ ਇਸ਼ਟ ਦੇਵ ਅੱਗੇ ਆਪਣੀ ਸਹਾਇਤਾ ਲਈ ਬੇਨਤੀ ਕੀਤੀ ਹੋਵੇ। ਜਿਵੇਂ ਸਰੀਰ ਉਪਰ ਪਾਈ ਹੋਈ ਸੰਜੋਅ ਸਾਡੀ ਸਹਾਇਤਾ ਕਰਦੀ ਹੈ ਇਸੇ ਤਰੀਕੇ ਨਾਲ ਸਾਡੀ ਸਹਾਇਤਾ ਕਰੋ। ਜੋ ਕਵਚ ਹੁੰਦੇ ਨੇ ਜਿਹੜਾ ਵੀ ਇਨ੍ਹਾਂ ਦਾ ਜਾਪ ਕਰਦਾ ਹੈ, ਇਸ਼ਟ ਦੇਵ ਉਨ੍ਹਾਂ ਦੀ ਸੰਜ਼ੋਅ ਵਾਂਗ ਸਹਾਇਤਾ ਕਰਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਮੇਂ ਗੁਰਸਿੱਖਾਂ ਨੇ ਸਤਿਗੁਰਾਂ ਨੂੰ ਬੇਨਤੀ ਕੀਤੀ ਕਿ ਜੰਗ ਦੇ ਮੈਦਾਨ ਵਿਚ ਤੁਰਕ ਕਲਮਾਂ ਪੜ੍ਹਦੇ ਹਨ, ਜਿਸ ਨਾਲ ਸਾਡੇ ਸ਼ਸਤ੍ਰਾਂ ਦੇ ਮੂੰਹ ਮੁੜ ਜਾਂਦੇ ਹਨ। ਆਪ ਜੀ ਕ੍ਰਿਪਾ ਕਰਕੇ ਸ਼ਸਤ੍ਰਾਂ ਦਾ ਕਵਚ ਬਖਸ਼ੋ। ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ **ਭਗੌਤੀ ਬ੍ਰਹਮ ਕਵਚ** ਨਾਮ ਦੀ ਬਾਣੀ ਦਾ ਉਚਾਰਣ ਕੀਤਾ। ਉਸ ਸਮੇਂ ਤੋਂ ਗੁਰਸਿੱਖਾਂ ਨੇ ਇਸ ਬਾਣੀ ਦਾ ਜਾਪ ਕਰਨਾ ਆਰੰਭ ਕਰ ਦਿੱਤਾ। ਸੀਨੇ ਬਸੀਨੇ ਦਲ ਪੰਥ ਅੰਦਰ ਇਸ ਬਾਣੀ ਦਾ ਅਨੇਕਾਂ ਗੁਰਸਿੱਖ ਜਾਪ ਕਰਦੇ ਹਨ।

ਸੰਗਤਾਂ ਦੀ ਭਾਰੀ ਮੰਗ ਸੀ ਕਿ ਇਸ ਗੁਰਬਾਣੀ ਦੀ ਕਥਾ ਕੀਤੀ ਜਾਵੇ। ਮਿਸਲ ਸ਼ਹੀਦਾਂ ਤਰਨਾ ਦਲ ਦੇ ਮੁੱਖ ਸੇਵਾਦਾਰ ਹੋਣ ਦੇ ਨਾਤੇ ਮੈਂ ਇਨ੍ਹਾਂ ਬਾਣੀਆਂ ਦੀ ਕਥਾ ਕਰਨ ਲਈ ਸਿੱਖ ਪੰਥ ਦੇ ਮਹਾਨ ਵਿਦਵਾਨ ਗਿਆਨੀ ਗੁਰਵਿੰਦਰ ਸਿੰਘ ਜੀ ਨੰਗਲੀ ਵਾਲਿਆਂ ਨਾਲ ਗੁਰਮਤਾ ਕੀਤਾ ਅਤੇ ਗਿਆਨੀ ਜੀ ਨੂੰ ਇਹ ਕਥਾ ਕਰਨ ਲਈ ਪ੍ਰੇਰਿਆ। ਸਤਿਗੁਰਾਂ ਦੀ ਕ੍ਰਿਪਾ ਨਾਲ ਗਿਆਨੀ ਗੁਰਵਿੰਦਰ ਸਿੰਘ ਜੀ ਨੇ ਬ੍ਰਹਮ ਕਵਚ ਅਤੇ ਭਗੌਤੀ ਅਸਤੋਤ੍ਰ ਦੀ ਕਥਾ ਕੀਤੀ। ਉਨ੍ਹਾਂ ਦੇ ਵਿਦਿਆਰਥੀ ਭਾਈ ਜਸਵੀਰ ਸਿੰਘ ਜੀ ਕੋਹਾਲਾ ਪਾਸੋਂ ਸਤਿਗੁਰਾਂ ਨੇ ਇਹ ਸਾਰੀ ਕਥਾ ਲਿਖਾਉਣ ਦੀ ਸੇਵਾ ਕਰਵਾਈ।

ਗਿਆਨੀ ਮਹਿਤਾਬ ਸਿੰਘ ਜੀ ਭੰਬੋਈ, ਸੰਤ ਦਰਸ਼ਨ ਸਿੰਘ ਜੀ ਸ਼ਾਸਤ੍ਰੀ ਭੈਲਾਂ ਵਾਲੇ, ਸੰਤ ਜਸਵਿੰਦਰ ਸਿੰਘ ਜੀ ਸ਼ਾਸਤ੍ਰੀ (ਨਿਰਮਲ ਪੰਚਾਇਤੀ

Scanned with CamScanner

ਅਖਾੜਾ ਦੇ ਕੁਠਾਰੀ) ਅਤੇ ਹੋਰ ਜਿਨ੍ਹਾਂ ਗਿਆਨੀ ਸਿੰਘਾਂ ਨੇ ਇਸ ਪੁਸਤਕ ਲਿਖਣ ਵਿਚ ਸਹਿਯੋਗ ਬਖਸ਼ਿਆ ਸਭਨਾਂ ਦਾ ਧੰਨਵਾਦ। ਮੈਂ ਅਰਦਾਸਿ ਕਰਦਾ ਹਾਂ ਕਿ ਸਤਿਗੁਰੂ ਜੀ ਆਉਣ ਵਾਲੇ ਸਮੇਂ ਵਿਚ ਇਨ੍ਹਾਂ ਸਿੰਘਾਂ ਤੋਂ ਇਸੇ ਪ੍ਰਕਾਰ ਸੇਵਾ ਕਰਵਾਉਂਦੇ ਰਹਿਣ।

ਜਥੇਦਾਰ
ਬਾਬਾ ਗੱਜਣ ਸਿੰਘ ਜੀ

**ਗੁਰੂ ਪੰਥ ਦਾ ਦਾਸਰਾ**
**ਸਿੰਘ ਸਾਹਿਬ ਜਥੇਦਾਰ ਬਾਬਾ ਗੱਜਣ ਸਿੰਘ**
**ਮੁਖੀ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ, ਸ੍ਰੀ ਬਾਬਾ ਬਕਾਲਾ ਸਾਹਿਬ।**

Scanned with CamScanner

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ ॥

ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ
ਸ੍ਰੀ ਸਰਬਲੋਹ ਬੁੰਗਾ ਨੰਗਲੀ
ਭਾਈ ਨੰਦਲਾਲ ਜੀ ਗੁਰਮਤਿ ਵਿਦਿਆਲਾ
ਪਿੰਡ ਨੰਗਲੀ (ਨੇੜੇ ਮਹਿਤਾ ਚੌਂਕ)
ਡਾਕਖਾਨਾ ਉਦੋਨੰਗਲ (ਜ਼ਿਲ੍ਹਾ ਅੰਮ੍ਰਿਤਸਰ)

Bhai Nandlal Ji
Gurmat Academy
SRI SARBLOH BUNGA NANGLI
Village Nangli (Near Mehta Chowk),
Distt. Amritsar

Mobile : 99146 47591

# ਟੀਕਾਕਾਰ ਵਲੋਂ ਸਨੇਹ ਅੱਖਰ

## (ਜੀਵਨ ਬਾਬਾ ਪਾਲਾ ਸਿੰਘ ਜੀ ਗਊਆਂ ਵਾਲੇ)

ਸਤਿਗੁਰੂ ਕਲਗੀਧਰ ਜੀ ਦੀ ਪਾਵਨ ਬਾਣੀ ਬ੍ਰਹਮ ਕਵਚ ਅਤੇ ਭਗਉਤੀ ਅਸਤੋਤ੍ਰ ਦੀ ਕਥਾ ਕਰਵਾਉਣ ਦੀ ਸੇਵਾ, ਜੋ ਦਾਸ ਤੋਂ ਕਲਗੀਧਰ ਜੀ ਨੇ ਆਪ ਲਈ ਹੈ ਅਤੇ ਇਸ ਕਥਾ ਦੀ ਲਿਖਾਈ ਦੀ ਸੇਵਾ ਸਤਿਗੁਰੂ ਜੀ ਨੇ ਆਪਣੇ ਅਨਿੰਨ ਸੇਵਕ ਗਿ: ਜਸਬੀਰ ਸਿੰਘ ਕੋਹਾਲਾ ਤੋਂ ਆਪ ਤਰਸ ਕਰਕੇ ਲਈ ਹੈ। ਇਹ ਸਤਿਗੁਰੂ ਜੀ ਦੀਆਂ ਬੀਰ-ਰਸੀ ਗੁਰਬਾਣੀਆਂ ਹਨ। ਜੋ ਸੂਰਮੇ ਜੰਗੀ-ਬਾਣਾ ਪਹਿਨ ਕੇ ਜੰਗ ਨੂੰ ਜਾਣ ਸਮੇਂ ਪੜ੍ਹਿਆ ਕਰਦੇ ਸਨ। ਇਸ ਕਥਾ ਦੀ ਪ੍ਰੇਰਣਾ ਦਾਸ ਨੂੰ ਜਿੱਥੇ ਅਨੇਕਾਂ ਸੰਗਤਾਂ ਨੇ ਦਿੱਤੀ, ਪਰ ਵਿਸ਼ੇਸ਼ ਪ੍ਰੇਰਨਾ ਸਿੰਘ ਸਾਹਿਬ ਜਥੇਦਾਰ ਬਾਬਾ ਗੱਜਣ ਸਿੰਘ ਜੀ, ਸੰਤ ਗੁਰਦੇਵ ਸਿੰਘ ਜੀ ਸ਼ਹੀਦੀ ਬਾਗ ਵਾਲੇ, ਸਿੰਘ ਸਾਹਿਬ ਜਥੇਦਾਰ ਗਿ: ਇਕਬਾਲ ਸਿੰਘ ਜੀ, ਨਿਰਮਲ ਪੰਚਾਇਤੀ ਅਖਾੜਾ ਕਨਖਲ ਦੇ ਸ੍ਰੀ ਮਹੰਤ, ਸ੍ਰੀ 108 ਸੁਆਮੀ ਗਿਆਨ ਦੇਵ ਸਿੰਘ ਜੀ ਤੇ ਗਿ: ਠਾਕੁਰ ਸਿੰਘ ਜੀ ਪਟਿਆਲਾ, ਗਿ: ਹਰਦੀਪ ਸਿੰਘ ਜੀ ਹਜ਼ੂਰ ਸਾਹਿਬ ਨੇ ਦਿੱਤੀ ਅਤੇ ਗਿ: ਮਹਿਤਾਬ ਸਿੰਘ ਭੰਬੋਈ, ਸੰਤ ਦਰਸ਼ਨ ਸਿੰਘ ਸਾਸਤ੍ਰੀ, (ਮੁੱਖ ਸੇਵਾਦਾਰ ਗੁ: ਕਿਲੇਆਣਾ ਸਾਹਿਬ ਭੈਲ) ਸੰਤ ਜਸਵਿੰਦਰ ਸਿੰਘ ਜੀ (ਕੁਠਾਰੀ ਨਿਰਮਲ ਅਖਾੜਾ ਕਨਖਲ), ਗਿ: ਤਰਲੋਚਨ ਸਿੰਘ ਜੀ ਮਹੰਤ (ਹੈਡ ਗ੍ਰੰਥੀ ਤਰਨਾ ਦਲ ਸ੍ਰੀ ਬਾਬਾ ਬਕਾਲਾ ਸਾਹਿਬ), ਗਿ: ਗੁਰਜੰਟ ਸਿੰਘ ਪਟਿਆਲਾ ਆਦਿਕ ਨੇ ਬਹੁਤ ਸਹਿਯੋਗ ਬਖ਼ਸ਼ਿਆ।

ਬਾਬਾ ਦੀਪ ਸਿੰਘ ਨਿਤਨੇਮ ਵਿਚ ਏਨ੍ਹਾਂ ਬਾਣੀਆਂ ਦਾ ਨਿਤਨੇਮ ਕਰਦੇ ਹੁੰਦੇ ਸਨ ਜੋ ਕਿ ਸੀਨਾ ਬਸੀਨਾ ਬਾਬਾ ਜੀ ਤੋਂ ਬਾਅਦ ਉਨ੍ਹਾਂ ਦੀ ਮਿਸਲ, ਮਿਸਲ ਸ਼ਹੀਦਾਂ ਤਰਨਾ ਦਲ ਦੇ ਜਥੇਦਾਰ :

ਸਿੰਘ ਸਾਹਿਬ ਜਥੇਦਾਰ ਬਾਬਾ ਦੀਪ ਸਿੰਘ ਜੀ ਸ਼ਹੀਦ।

ਸਿੰਘ ਸਾਹਿਬ ਜਥੇਦਾਰ ਬਾਬਾ ਨੌਧ ਸਿੰਘ ਜੀ ਸ਼ਹੀਦ (ਮੀਤ ਜਥੇਦਾਰ)

ਸਿੰਘ ਸਾਹਿਬ ਜਥੇਦਾਰ ਬਾਬਾ ਗੁਰਬਖਸ਼ ਸਿੰਘ ਜੀ ਸ਼ਹੀਦ।

Scanned with CamScanner

ਸਿੰਘ ਸਾਹਿਬ ਜਥੇਦਾਰ ਬਾਬਾ ਸੁਧਾ ਸਿੰਘ ਜੀ ਸ਼ਹੀਦ।
ਸਿੰਘ ਸਾਹਿਬ ਜਥੇਦਾਰ ਬਾਬਾ ਕਰਮ ਸਿੰਘ ਜੀ ਸ਼ਹੀਦ।
ਸਿੰਘ ਸਾਹਿਬ ਜਥੇਦਾਰ ਬਾਬਾ ਨੱਥਾ ਸਿੰਘ ਜੀ ਸ਼ਹੀਦ।
ਸਿੰਘ ਸਾਹਿਬ ਜਥੇਦਾਰ ਬਾਬਾ ਰਾਮ ਸਿੰਘ ਜੀ ਬੇਦੀ ਸ਼ਹੀਦ।
ਸਿੰਘ ਸਾਹਿਬ ਜਥੇਦਾਰ ਬਾਬਾ ਜੱਸਾ ਸਿੰਘ ਜੀ ਸ਼ਹੀਦ।
ਸਿੰਘ ਸਾਹਿਬ ਜਥੇਦਾਰ ਬਾਬਾ ਨੰਦ ਸਿੰਘ ਜੀ।
ਸਿੰਘ ਸਾਹਿਬ ਜਥੇਦਾਰ ਬਾਬਾ ਰਾਮ ਸਿੰਘ ਜੀ।
ਸਿੰਘ ਸਾਹਿਬ ਜਥੇਦਾਰ ਬਾਬਾ ਗੁਰਮੁਖ ਸਿੰਘ ਜੀ (ਬਾਬੇ ਬਕਾਲੇ ਵਾਲੇ)।
ਸਿੰਘ ਸਾਹਿਬ ਜਥੇਦਾਰ ਬਾਬਾ ਸਾਧੂ ਸਿੰਘ ਜੀ (ਬਾਬੇ ਬਕਾਲੇ ਵਾਲੇ)।
ਸਿੰਘ ਸਾਹਿਬ ਜਥੇਦਾਰ ਬਾਬਾ ਬਿਸ਼ਨ ਸਿੰਘ ਜੀ (ਬਾਬੇ ਬਕਾਲੇ ਵਾਲੇ)।
ਸਿੰਘ ਸਾਹਿਬ ਜਥੇਦਾਰ ਬਾਬਾ ਕੀਰਤਨ ਸਿੰਘ ਜੀ (ਬਾਬੇ ਬਕਾਲੇ ਵਾਲੇ)।
ਸਿੰਘ ਸਾਹਿਬ ਜਥੇਦਾਰ ਬਾਬਾ ਮੱਖਣ ਸਿੰਘ ਜੀ (ਬਾਬੇ ਬਕਾਲੇ ਵਾਲੇ)।

ਰਹੇ। ਉਹ ਵੀ ਏਨ੍ਹਾਂ ਬਾਣੀਆਂ ਦਾ ਨਿਤਨੇਮ ਕਰਦੇ ਰਹੇ ਅਤੇ ਜੋ ਕਿ ਹੁਣ ਵੀ ਮੌਜੂਦਾ 15ਵੇਂ ਮੁਖੀ ਬਾਬਾ ਗੱਜਣ ਸਿੰਘ ਜੀ ਏਨ੍ਹਾਂ ਬਾਣੀਆਂ ਦਾ ਨਿਤਨੇਮ ਕਰਦੇ ਹਨ। ਮੈਂ ਇਹ ਕਿਤਾਬ ਗੁਰੂ ਨਾਨਕ ਦੇਵ ਜੀ ਦੇ 350 ਸਾਲਾਂ ਅਵਤਾਰ ਪੁਰਬ ਅਤੇ ਮਹਾਨ ਤਿਆਗੀ ਵੈਰਾਗੀ ਬਾਬਾ ਪਾਲਾ ਸਿੰਘ ਜੀ ਨੂੰ ਸਮਰਪਿਤ ਕੀਤੀ ਹੈ, ਜੋ ਕਿ ਗਊਆਂ, ਮੱਝਾਂ, ਕੁੱਤਿਆਂ, ਮੱਛੀਆਂ ਦੇ ਮਹਾਨ ਸੇਵਾਦਾਰ ਅਤੇ ਰੱਖਿਅਕ ਸਨ। ਬਾਬਾ ਜੀ ਦੇ ਵਹੀਰ ਵਿਚ ਭਾਵੇਂ ਗਊਆਂ ਦੀ ਗਿਣਤੀ 8 ਹਜ਼ਾਰ ਕਰੀਬ ਸੀ, ਪਰ ਨਾਲ ਹੀ ਉਨ੍ਹਾਂ ਦੇ ਵਹੀਰ ਵਿਚ 1500 ਬੱਕਰੀਆਂ, 1000 ਮੱਝਾਂ, ਕੁੱਤੇ, ਝੋਟੇ, ਊਠ ਆਦਿਕ ਵੀ ਸਨ।

ਬਾਬਾ ਜੀ ਸਭ ਨੂੰ ਇਕ ਨਿਗ੍ਹਾ ਨਾਲ ਦੇਖਦੇ ਸਨ ਅਤੇ ਗਊਆਂ ਨੂੰ ਬੁੱਚੜਾਂ ਤੋਂ ਛੁਡਾ ਕੇ ਗਊਆਂ ਦੀ ਸਾਂਭ ਸੰਭਾਲ ਕਰਦੇ ਸਨ। ਬਾਬਾ ਮੱਖਣ ਸਿੰਘ ਜੀ (14ਵੇਂ ਮੁਖੀ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ) ਕਿਹਾ ਕਰਦੇ ਸਨ ਕਿ ਬਾਬਾ ਪਾਲਾ ਸਿੰਘ ਜੀ ਤਿੰਨ ਯੁੱਗ ਤਪਸਿਆ ਕਰਦੇ ਰਹੇ, ਚੌਥੇ ਯੁੱਗ ਵਿਚ ਹੁਣ ਗਊਆਂ, ਮੱਝਾਂ, ਕੁੱਤਿਆਂ ਆਦਿਕ ਦੀ ਸੇਵਾ ਕਰ ਇਹ ਕੌਤਕ ਵਰਤਾ ਰਹੇ ਹਨ।

## ਗਊਆਂ ਦੀ ਗੁਰੂ ਘਰ ਵਿਚ ਮਹਾਨਤਾ ਕਿਉਂ?

ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਹਿੰਦੋਸਤਾਨ ਤੇ ਇਸਲਾਮੀ ਰਾਜ ਸੀ। ਤੁਰਕ ਹਿੰਦੂਆਂ ਦੀ ਹਰੇਕ ਪ੍ਰਥਾ ਦਾ ਜਿੱਥੇ ਵਿਰੋਧ ਕਰਦੇ ਸਨ, ਉੱਥੇ ਹੀ ਉਹ ਹਿੰਦੂਆਂ ਦੀ ਪੂਜਨੀਕ ਮਾਤਾ ਗਊ ਨੂੰ ਮਿੱਥ ਕੇ ਕੋਂਹਦੇ ਸਨ।

Scanned with CamScanner

**ਯਥਾ-ਪੰਥ ਮੁਹੰਮਦ ਬਡਤਿ ਅਪਾਰਾ॥ ਕਲਮਲ ਮਯ ਮਤਿਹੀਨ ਬੀਚਾਰਾ॥**
**ਗੋ ਗਰੀਬ ਕੋ ਹਤਹਿ ਕੁਸਾਲੀ॥ ਕਲ ਕੇ ਕਾਲਹਿ ਕੀਨਿ ਕੁਚਾਲੀ॥**
**(ਸ੍ਰੀ ਗੁਰ ਨਾਨਕ ਪ੍ਰਤਾਪ ਸੂਰਜ ਗ੍ਰੰਥ ਜਿਲਦ ੨)**

ਧਰਤੀ ਨੇ ਇਨ੍ਹਾਂ ਕੁਕਰਮਾਂ ਤੋਂ ਦੁਖੀ ਹੋ ਕੇ ਉਸ ਵੇਲੇ ਗਊ ਨੂੰ ਅਤੀ ਨਿਮਾਣੀ ਜਾਣ ਕੇ ਗਊ ਦਾ ਰੂਪ ਹੋ ਕੇ ਧਰਤੀ ਨੇ ਅਕਾਲ ਪੁਰਖ ਅੱਗੇ ਪੁਕਾਰ ਕੀਤੀ।

**ਯਥਾ- ਗਊ ਰੂਪ ਧਰਿ ਬਿਨੈ ਧਰ ਕੀਨੀ॥**

ਧਰਤੀ ਦੀ ਬੇਨਤੀ ਨੂੰ ਮੰਨ ਕੇ ਅਤੇ ਸਾਰਿਆਂ ਦੀ ਰੱਖਿਆ ਕਰਨ ਵਾਸਤੇ ਗੁਰੂ ਨਾਨਕ ਦੇਵ ਜੀ ਧਰਤੀ 'ਤੇ ਆਏ, ਉੱਥੇ ਹੀ ਗਊਆਂ ਦੀ ਸਹਾਇਤਾ, ਰੱਖਿਆ ਵਾਸਤੇ ਸਤਿਗੁਰਾਂ ਨੇ ਵਿਸ਼ੇਸ਼ ਅਵਾਜ਼ ਉਠਾਈ ਅਤੇ ਕਿਹਾ ਕਿ ਮੈਂ ਗਊ ਗਰੀਬ ਅਤੇ ਮਜ਼ਲੂਮ ਦਾ ਪੱਖੀ ਹਾਂ। ਜ਼ਾਬਰ, ਜ਼ੁਲਮੀ ਨੂੰ ਮੇਰੇ ਘਰ ਵਿਚ ਕੋਈ ਥਾਂ ਨਹੀਂ।

ਸਤਿਗੁਰੂ ਜੀ ਨੇ ਆਪਣੇ ਸਰੀਰ ਨੂੰ ਤਿਆਗਣ ਸਮੇਂ ਜਦ ਕਰਤਾਰਪੁਰ ਸਾਹਿਬ ਵਿਖੇ ਡੇਰਾ ਲਾ ਲਿਆ, ਤਦੋਂ ਵੀ ਸਤਿਗੁਰੂ ਜੀ ਨੇ ਗਊਆਂ, ਮੱਝਾਂ ਦੀ ਪਾਲਣਾ ਕੀਤੀ, ਹੱਥੀਂ ਖੇਤੀ ਕੀਤੀ ਅਤੇ ਕਰਤਾਰਪੁਰ ਹੀ ਹੱਥੀਂ ਕਿਰਤ ਕਰਕੇ ਵੰਡ ਛਕਣ ਦਾ ਉਪਦੇਸ਼ ਵੀ ਦਿੱਤਾ।

ਸਤਿਗੁਰੂ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਵਕਤ ਵੀ ਗੁਰੂ ਕੀਆਂ ਗਊਆਂ, ਮੱਝਾਂ ਦੀ ਸੇਵਾ ਸੰਗਤਾਂ ਕਰਦੀਆਂ ਰਹੀਆਂ ਪਰ ਪੰਚਮ ਪਾਤਸ਼ਾਹ ਵੇਲੇ ਤਾਂ ਗੁਰੂ ਘਰ ਵਿਚ ਬੁੱਚੜਾਂ ਦੀਆਂ ਸਤਾਈਆਂ ਗਊਆਂ ਏਨੀਆਂ ਹੋ ਗਈਆਂ ਕਿ ਇਨ੍ਹਾਂ ਗਊਆਂ, ਮੱਝਾਂ ਨੂੰ ਇਕੱਠਿਆਂ ਕਰਕੇ ਗੁਰੂ ਕੀ ਬੀੜ ਹੀ ਬਣਾਉਣੀ ਪਈ। ਇਸ ਬੀੜ ਦੇ ਸੇਵਾਦਾਰ ਬਾਬਾ ਬੁੱਢਾ ਸਾਹਿਬ ਜੀ ਗੁਰੂ ਕੀਆਂ ਸੰਗਤਾਂ ਵਿਚੋਂ ਉਭਰੇ। ਬੀੜ ਦਾ ਅਰਥ ਹੈ ਕਿ ਚਾਰਨ ਵਾਲੀ ਜਗ੍ਹਾ ਭਾਵ ਜਿਥੇ ਗਊਆਂ ਮੱਝਾਂ ਚਰਨ। ਹੌਲੀ-ਹੌਲੀ ਇਸ ਬੀੜ ਦਾ ਨਾਮ ਬਾਬੇ ਬੁੱਢੇ ਦੀ ਬੀੜ ਵੱਜਣ ਲੱਗ ਪਿਆ। ਬਾਬਾ ਬੁੱਢਾ ਸਾਹਿਬ ਜੀ ਨੇ ਆਪਣਾ ਅਖੀਰੀ ਸਮਾਂ ਜ਼ਿਆਦਾਤਰ ਇਥੇ ਹੀ ਗੁਜ਼ਾਰਿਆ ਅਤੇ ਗੁਰੂ ਘਰ ਦੀਆਂ ਗਊਆਂ, ਮੱਝਾਂ ਦੀ ਸੇਵਾ ਕਰਦੇ ਰਹੇ।

ਛੇਵੇਂ ਪਾਤਸ਼ਾਹ ਦੇ ਵੇਲੇ ਵੀ ਬਾਬਾ ਜੱਸਾ ਮਹਿਸਮਪੁਰ ਦੇ ਇਕ ਗੁਰਸਿੱਖ ਹੋਏ, ਜੋ ਸਤਿਗੁਰਾਂ ਦੇ ਹੁਕਮ ਨਾਲ ਗਊਸ਼ਾਲਾ ਬਣਾ ਕੇ ਗਊਆਂ ਦੀ ਸੇਵਾ ਕਰਦੇ ਰਹੇ, ਆਖਿਰ ਬੁੱਚੜਾਂ ਨਾਲ ਜੰਗ ਕਰਦੇ ਸਮੇਂ ਬਿਨਾਂ ਸੀਸ ਤੋਂ ਹੀ ਉਹ ਜੰਗ ਵਿਚ ਜੂਝੇ ਅਤੇ ਸ਼ਹਾਦਤ ਦਾ ਜਾਮ ਪੀ ਗਏ। ਅੱਜ ਵੀ ਉਨ੍ਹਾਂ ਦਾ

Scanned with CamScanner

ਅਸਥਾਨ ਚੇਲੇਆਣਾ ਸਾਹਿਬ ਬਣਿਆ ਹੈ।

ਸੱਤਵੇਂ, ਅੱਠਵੇਂ, ਨੌਵੇਂ ਪਾਤਸ਼ਾਹ ਤੱਕ ਗਊ ਰੱਖਿਆ ਦਾ ਸਿਲਸਿਲਾ ਏਵੇਂ ਹੀ ਜਾਰੀ ਰਿਹਾ, ਇਤਿਹਾਸਕਾਰਾਂ ਤੋਂ ਸੁਣਿਆ ਜਾਂਦਾ ਹੈ ਕਿ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੇ ਇਕ ਸਿੱਖ ਭਾਈ ਮੋਹਾਂ ਜੀ ਨੂੰ ਇਕ ਨਗਾਰਾ, ਇਕ ਬਲਦ ਅਤੇ ਗਊਆਂ ਦੇ ਕੇ ਤੋਰਿਆ ਅਤੇ ਵਚਨ ਕੀਤਾ ਕਿ ਤੁਸੀਂ ਸੰਸਾਰ ਵਿਚ ਵਿਚਰ ਕੇ ਗੁਰਸਿੱਖੀ ਦਾ ਪ੍ਰਚਾਰ ਕਰੋ।

ਦਸਵੇਂ ਪਾਤਸ਼ਾਹ ਨੇ ਤਾਂ ਫੇਰ ਤੁਰਕਾਂ ਦੇ ਇਸ ਜ਼ਬਰ ਦੇ ਸਾਹਮਣੇ ਪੂਰਨ ਰੂਪ ਵਿਚ ਡਟ ਜਾਣਾ ਕੀਤਾ ਅਤੇ ਆਪਣੀ ਉਗ੍ਰਦੰਤੀ ਨਾਮ ਦੀ ਗੁਰਬਾਣੀ ਵਿਚ ਭਗਉਤੀ (ਕ੍ਰਿਪਾਨ) ਅੱਗੇ ਏਹੀ ਅਰਦਾਸਿ ਕੀਤੀ ਕਿ ਹੇ! ਕ੍ਰਿਪਾਨ ਮੈਨੂੰ ਇਹ ਵਰ ਦੇ ਮੈਂ ਜਗਤ ਤੋਂ ਗਊ ਘਾਤਿ ਦਾ ਪਾਪ ਮਿਟਾ ਦੇਵਾਂ।

**ਯਹੀ ਦੇਹੁ ਆਗਿਆ, ਤੁਰਕਨ ਗਹਿ ਖਪਾਊਂ॥**
**ਗਊਘਾਤਿ ਦਾ ਦੋਖ, ਜਗਿ ਸਿਉ ਮਿਟਾਊਂ॥੧੯॥**

ਸਤਿਗੁਰੂ ਕਲਗੀਧਰ ਜੀ ਨੇ ਜਿੱਥੇ ਗਊ ਘਾਤਿ ਦਾ ਪਾਪ ਮਿਟਾਉਣ ਲਈ ਜੰਗ-ਜਹਾਦ ਕੀਤੇ, ਉਥੇ ਆਪ ਜੀ ਨੇ ਗਊਸ਼ਾਲਾ ਬਣਵਾ ਕੇ ਕਈ ਗੁਰਸਿੱਖਾਂ ਦਾ ਪਹਿਰਾ ਲਾ ਕੇ ਗਊਆਂ ਦੀ ਰੱਖਿਆ ਵੀ ਕੀਤੀ।

ਗਊਆਂ ਦੀ ਸੇਵਾ ਕਰਨ ਵਾਲੇ ਐਸੇ ਇੱਕ ਗੁਰਸਿੱਖ ਬਾਬਾ ਮਦਨ ਸਿੰਘ ਜੀ ਹੋਏ ਹਨ, ਜਿਨ੍ਹਾਂ ਦਾ ਜ਼ਿਕਰ ਇਤਿਹਾਸ ਵਿਚ ਆਉਂਦਾ ਹੈ। ਸਤਿਗੁਰੂ ਕਲਗੀਧਰ ਜੀ ਦੇ ਪਾਸ ਗੰਗੂ ਦਾ ਭਰਾ ਪੰਮਾ ਪੁਰੋਹਿਤ (ਜੋ ਪਹਾੜੀ ਰਾਜਿਆਂ ਦਾ ਵਜ਼ੀਰ ਸੀ) ਇੱਕ ਵਾਰ ਆ ਕੇ ਰਹਿਣ ਲੱਗ ਪਿਆ, ਇਹ ਹਮੇਸ਼ਾ ਹੀ ਹਿਰਦੇ ਵਿਚ ਕਪਟ ਰੱਖ ਕੇ ਯਤਨ ਕਰਦਾ ਰਹਿੰਦਾ ਸੀ, ਕਿ ਮੈਂ ਸਤਿਗੁਰਾਂ ਦੀ ਸੁਲ੍ਹਾ ਪਹਾੜੀਆਂ ਦੇ ਨਾਲ ਕਰਵਾ ਦੇਵਾਂ ਤਾਂ ਕਿ ਪਹਾੜੀਏ ਗੁਰੂ ਘਰ ਦਾ ਅੰਦਰੂਨੀ ਭੇਦ ਲੈ ਕੇ ਗੁਰੂ ਘਰ ਦਾ ਨੁਕਸਾਨ ਕਰ ਦੇਣ। ਯਤਨ ਕਰਦਿਆਂ-ਕਰਦਿਆਂ ਇੱਕ ਵੇਲਾ ਐਸਾ ਆਇਆ ਜਦ ਰਵਾਲਸਰ ਤੀਰਥ ਦਾ ਮੇਲਾ ਆ ਗਿਆ। ਉੱਥੇ ਪਹਾੜੀਆਂ ਨੇ ਵੀ ਇਕੱਠਿਆਂ ਹੋਣਾ ਸੀ, ਪੰਮੇ ਨੇ ਜ਼ੋਰ ਪਾ ਕੇ ਸਤਿਗੁਰਾਂ, ਗੁਰਸਿੱਖਾਂ ਅਤੇ ਮਾਤਾ ਗੁਜਰੀ ਜੀ ਨੂੰ ਰਵਾਲਸਰ ਜਾਣ ਲਈ ਰਾਜੀ ਕਰ ਲਿਆ। ਬਾਬਾ ਮਦਨ ਸਿੰਘ ਜੀ ਪੰਮੇ ਦੇ ਇਸ ਕਪਟ ਤੋਂ ਜਾਣੂ ਸਨ। ਤਾਂ ਉਨ੍ਹਾਂ ਨੇ ਪੰਮੇ ਦਾ ਕਪਟ ਜਾਣਕੇ ਉੱਚੀ ਆਵਾਜ਼ ਵਿਚ ਕਿਹਾ ਕਿ-

ਬਚਨ -

**ਕਰੈਗਾ ਸੁ ਭਰੈਗਾ॥ ਗੁਰੂ ਕਾ ਕੀ ਕਰੈਗਾ॥**
**ਸੇਵਕ ਤੇ ਕਾਜ ਸਰੈਗਾ॥ ਦੁਸ਼ਮਨ ਦੋਖੀ ਮਰੈਗਾ॥**

Scanned with CamScanner

ਸਤਿਗੁਰਾਂ ਦੀ ਹਜ਼ੂਰੀ ਵਿਚ ਜਦ ਮਦਨ ਸਿੰਘ ਜੀ ਨੇ ਐਸੇ ਬਚਨ ਕਹੇ ਤਾਂ ਸਤਿਗੁਰਾਂ ਦੀ ਹਜ਼ੂਰੀ ਵਿਚ ਖੜ੍ਹੇ ਪੰਮੇ ਨੇ ਜਾਣਿਆ ਕਿ ਮੇਰਾ ਕਪਟ ਕਿਤੇ ਜ਼ਾਹਿਰ ਨਾ ਹੋ ਜਾਵੇ ਤਾਂ ਉਸਨੇ ਸਾਰਿਆਂ ਦੇ ਵਿੱਚ ਕਿਹਾ ਕਿ ਤੂੰ ਇਹ ਕੀ ਵੱਧ-ਘੱਟ ਬੋਲੀ ਜਾਂਦਾ ਹੈ, ਸਤਿਗੁਰਾਂ ਦੇ ਤੀਰਥ ਯਾਤਰਾ ਵਿਚ ਵਿਘਨ ਪਾਉਂਦਾ ਹੈ, ਅਪਸ਼ਗਨ ਕਰਦਾ ਹੈ। ਪੰਮੇ ਦੇ ਪਿੱਛੇ ਸਾਰਿਆਂ ਨੇ ਐਸੀ ਹੀ ਗੁਹਾਰ ਲਗਾਈ ਤਾਂ ਮਦਨ ਸਿੰਘ ਜੀ ਮੁਸਕਰਾ ਕੇ ਚੁੱਪ ਕਰ ਗਏ।

ਜਦ ਬਾਬਾ ਮਦਨ ਸਿੰਘ ਜੀ ਚੁੱਪ ਕਰ ਗਏ ਤਾਂ ਕਲਗੀਧਰ ਜੀ ਨੇ ਫੇਰ ਬਚਨ ਕੀਤੇ ਕਿ ਬਾਬੇ ਮਦਨ ਸਿੰਘ ਜੀ ਨੇ ਠੀਕ ਕਿਹਾ ਹੈ ਕਿਉਂਕਿ ਪਹਿਲੀ ਗੱਲ ਇਸ ਨੇ ਬਾਰਾਂ ਸਾਲ ਉਸ ਘੋੜੇ ਦੀ ਸੇਵਾ ਕੀਤੀ ਹੈ, ਜਿਸ ਘੋੜੇ 'ਤੇ ਨੌਵੇਂ ਪਾਤਸ਼ਾਹ ਜੀ ਅਸਵਾਰ ਹੁੰਦੇ ਰਹੇ।

**ਯਥਾ-ਤਬਿ ਸਤਿਗੁਰ ਕਹਿ ਸਭਿਨਿ ਸੁਨਾਯੋ॥**
**ਸੇਵਕ ਹਯ ਕੋ ਸਾਚ ਅਲਾਯੋ॥**
**ਜਿਸ ਅਸੁ ਪਰ ਚਢਤੇ ਗੁਰਦੇਵਾ॥**
**ਦ੍ਵਾਦਸ ਮਾਸ ਕਰੀ ਇਨ ਸੇਵਾ॥**

ਦੂਸਰੀ ਗੱਲ ਇਹ ਹੈ ਕਿ ਇਸਨੇ ਗੁਰੂ ਕੀਆਂ ਗਊਆਂ ਸਾਂਭੀਆਂ ਨੇ, ਇਸਨੂੰ ਅੰਤਰ-ਆਤਮਾ ਦਾ ਗਿਆਨ ਹੈ, ਤਿੰਨਾ ਸਮਿਆਂ ਦੀ ਸੋਝੀ ਹੈ। ਜੋ ਵੀ ਗਊ ਜਾਂ ਘੋੜੇ ਦੀ ਸੇਵਾ ਕਰਦਾ ਹੈ, ਉਸ ਨੂੰ ਤਿੰਨਾਂ ਕਾਲਾਂ ਦੀ ਹੀ ਸੋਝੀ ਹੋ ਜਾਂਦੀ ਹੈ।

**ਯਥਾ-ਜੋ ਨਿਸ਼ਕਾਮ ਹੋਇ ਕਰਿ ਉਰ ਕੋ॥**
**ਸੇਵਹਿ ਭਲੇ ਤੁਰੰਗ ਸਤਿਗੁਰ ਕੋ॥**
**ਤਥਾ ਗੁਰੂ ਕੀ ਸੇਵਾ ਧੇਨੂ॥**
**ਸੋ ਸ਼ਕਤੀ ਕੋ ਕਰਿ ਹੈ ਲੇਨੂ॥੨੧॥**
**ਭੂਤ ਭਵਿੱਖਤ ਕੇਰ ਬ੍ਰਿਤਾਂਤ॥**
**ਤਿਸ ਕੇ ਰਿਦੇ ਹੋਇ ਬਖ੍ਯਾਤ॥**
**ਸਭਿ ਕਿਛ ਜਾਨਿ ਲੀਨ ਇਨ ਰਿਦੇ॥**
**ਸੇਵਕ ਸੰਗ ਬਖਸ੍ਯੋ ਤਦੇ॥੨੨॥**

ਫਿਰ ਸਤਿਗੁਰਾਂ ਨੇ ਬਾਬੇ ਮਦਨ ਸਿੰਘ ਜੀ ਨੂੰ ਬਚਨ ਕੀਤਾ ਕਿ ਤੁਹਾਡੇ ਵਿਚ ਸ਼ਕਤੀ ਬਹੁਤ ਹੈ, ਪਰ ਹੁਣ ਤੁਸੀਂ ਜਰ ਕੇ ਰੱਖੋ।

Scanned with CamScanner

ਬਚਨ ਗੁਰੂ ਕਾ ॥

ਘੋੜੇ ਦੀ ਸੇਵਾ ਕਰਿ ॥ ਹੋਵੇਗੀ ਸੋ ਜਰ ॥ ਗੁਰੂ ਕਾ ਘਰ ॥

ਰਾਖਾ ਸਾਚਾ ਸਤਿਗੁਰ ॥ ਸਿਖਾ ਚਿੰਤਾ ਨ ਕਰ ॥ ਚੁੱਪ ਕਾ ਸਮਾ ਸਰ ॥

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ)

ਕਲਗੀਧਰ ਜੀ ਤੋਂ ਬਾਅਦ ਗਊ-ਘਾਤਿ ਦਾ ਪਾਪ ਧਰਤੀ ਤੋਂ ਮੇਟਣ ਵਾਸਤੇ ਗੁਰੂ ਕੇ ਪੰਥ ਖ਼ਾਲਸੇ ਵੇਲੇ ਵੀ ਕਈ ਜੰਗ-ਯੁੱਧ ਹੁੰਦੇ ਰਹੇ ਅਤੇ ਸਾਰਾ ਹੀ ਪੰਥ ਖ਼ਾਲਸਾ ਇਸ ਮੁਹਿੰਮ ਵਿਚ ਵੱਧ ਚੜ੍ਹ ਕੇ ਹਿੱਸਾ ਪਾਉਂਦਾ ਰਿਹਾ। ਬਾਬਾ ਦੀਪ ਸਿੰਘ ਜੀ ਸ਼ਹੀਦ ਸ੍ਰੀ ਮਿਸਲ ਸ਼ਹੀਦਾਂ, ਤਰਨਾ ਦਲ ਦੇ ਪਹਿਲੇ ਜਥੇਦਾਰ ਉਨ੍ਹਾਂ ਨੇ ਵੀ ਇਸ ਮੁਹਿੰਮ ਵਿਚ ਭਾਰੀ ਹਿੱਸਾ ਪਾਇਆ ਅਤੇ ਕਈ ਯੁੱਧ ਕੀਤੇ, ਬਾਬਾ ਦੀਪ ਸਿੰਘ ਜੀ ਦੇ ਤੀਸਰੇ ਜਾਂ-ਨਸ਼ੀਨ ਬਾਬਾ ਸੁਧਾ ਸਿੰਘ ਜੀ ਸ਼ਹੀਦ ਵੀ ਬੁੱਚੜਾਂ ਨਾਲ ਜੰਗ ਕਰਦੇ ਹੋਏ ਹੀ ਆਪਣੇ ਦੁਕੋਹੇ ਨਗਰ ਵਿੱਚ ਹੀ ਏਸੇ ਮੁਹਿੰਮ ਵਿੱਚ ਹਿੱਸਾ ਪਾਉਂਦੇ ਹੋਏ ਹੀ ਸ਼ਹੀਦ ਹੋਏ।

ਮਿਸਲ ਸ਼ਹੀਦਾਂ ਤਰਨਾ ਦਲ ਦੇ ਸੱਤਵੇਂ ਜਥੇਦਾਰ ਬਾਬਾ ਜੱਸਾ ਸਿੰਘ ਜੀ ਵੀ ਗਊਆਂ ਦੀ ਰੱਖਿਆ ਵਾਸਤੇ ਹੀ ਬੁੱਚੜਾਂ ਨਾਲ ਜੰਗ ਕਰਦੇ ਹੋਏ ਹੀ ਆਪਣੇ ਨਗਰ ਸਰਹਾਲੀ ਸਾਹਿਬ ਵਿਖੇ ਸ਼ਹੀਦ ਹੋਏ ਅਤੇ ਜਦ ਅੰਗਰੇਜ਼ ਰਾਜ ਵਿਚ ਤੁਰਕਾਂ ਤੋਂ ਬਾਅਦ ਅੰਗਰੇਜ਼ ਗਊਆਂ ਨੂੰ ਕੋਹਣ ਲੱਗੇ ਤਾਂ ਬਾਬਾ ਰਾਮ ਸਿੰਘ ਜੀ (ਮਿਸਲ ਸ਼ਹੀਦਾਂ ਤਰਨਾ ਦਲ ਦੇ ਨੌਵੇਂ ਜਥੇਦਾਰ) ਉਨ੍ਹਾਂ ਨੇ ਇਸ ਦਾ ਡਟ ਕੇ ਮੁਕਾਬਲਾ ਕੀਤਾ ਅਤੇ ਸਰਹਾਲੀ ਨਗਰ ਵਿਚ ਹੀ ਗਊਸ਼ਾਲਾ ਸਥਾਪਿਤ ਕੀਤੀ। ਬਾਬਾ ਰਾਮ ਸਿੰਘ ਜੀ ਤੋਂ ਬਾਅਦ ਬਾਬਾ ਗੁਰਮੁਖ ਸਿੰਘ ਜੀ ਬਾਬੇ ਬਕਾਲੇ ਵਾਲੇ ਇਸ ਗਊਸ਼ਾਲਾ ਨੂੰ ਸੰਭਾਲਦੇ ਰਹੇ।

ਜਦ ਬਾਬਾ ਗੁਰਮੁਖ ਸਿੰਘ ਜੀ ਸੱਚਖੰਡ ਪਿਆਨਾ ਕਰ ਗਏ ਤਾਂ ਉਨ੍ਹਾਂ ਤੋਂ ਬਾਅਦ ਵਿੱਦਿਆ-ਮਾਰਤੰਡ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ 11ਵੇਂ ਜਥੇਦਾਰ ਬਾਬਾ ਸਾਧੂ ਸਿੰਘ ਜੀ ਏਸ ਸੇਵਾ ਨੂੰ ਸੰਭਾਲਦੇ ਰਹੇ। ਜਦ ਬਾਬਾ ਸਾਧੂ ਸਿੰਘ ਜੀ ਸ੍ਰੀ ਅਨੰਦਪੁਰ ਸਾਹਿਬ ਸੱਚਖੰਡ ਪਿਆਨਾ ਕਰ ਗਏ ਤਾਂ ਉਨ੍ਹਾਂ ਤੋਂ ਬਾਅਦ ਬਾਬਾ ਬਿਸ਼ਨ ਸਿੰਘ ਜੀ (12ਵੇਂ ਮੁਖੀ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ) ਗਊਆਂ ਨੂੰ ਸ੍ਰੀ ਬਾਬੇ ਬਕਾਲੇ ਸਾਹਿਬ ਲੈ ਆਏ ਅਤੇ ਏਥੇ ਹੀ ਗਊਸ਼ਾਲਾ ਦਾ ਵਹੀਰ ਫੇਰਨ ਲੱਗ ਪਏ। ਬਾਬਾ ਜੀ ਦੇ ਵਕਤ ਅਨੇਕਾਂ ਹੀ ਸੇਵਾਦਾਰ ਗਊਆਂ ਦੀ ਸੇਵਾ ਕਰਦੇ ਰਹੇ। ਜਿਨ੍ਹਾਂ ਸੇਵਾਦਾਰਾਂ ਵਿਚੋਂ ਸੱਚਖੰਡ ਵਾਸੀ ਬਾਬਾ ਪਾਲਾ ਸਿੰਘ ਜੀ ਵਿਸ਼ੇਸ਼ ਕਰਕੇ ਉਭਰੇ।

Scanned with CamScanner

# ਜੀਵਨ ਬਾਬਾ ਪਾਲਾ ਸਿੰਘ ਜੀ ਗਊਆਂ ਵਾਲੇ

ਬਾਬਾ ਪਾਲਾ ਸਿੰਘ ਜੀ ਦਾ ਜਨਮ 1963 ਈ. ਵਿਚ ਪਿਤਾ ਗੁਰਬਖਸ਼ ਸਿੰਘ ਮਾਤਾ ਨਿਰੰਜਨ ਕੌਰ ਦੀ ਕੁੱਖ ਤੋਂ ਲੋਹਗੜ੍ਹ ਨਗਰ (ਤਹਿਸੀਲ ਬਾਬਾ ਬਕਾਲਾ ਸਾਹਿਬ) ਵਿਖੇ ਹੋਇਆ। ਬਾਬਾ ਜੀ ਬਚਪਨ ਤੋਂ ਹੀ ਸਾਧੂ ਸੁਭਾਅ ਵਾਲੇ ਮਹਾਂਪੁਰਖ ਸਨ। ਬਾਬਾ ਜੀ ਬਚਪਨ ਤੋਂ ਹੀ ਬਾਬਾ ਰਾਮ ਸਿੰਘ ਜੀ ਨਿਰੰਜਨਪੁਰ ਵਾਲਿਆਂ ਦੇ ਨਾਲ ਹਫ਼ਤੇ ਬਾਅਦ ਸ੍ਰੀ ਬਾਬਾ ਬਕਾਲਾ ਸਾਹਿਬ ਵਿਖੇ ਸੇਵਾ 'ਤੇ ਜਾਣ ਲੱਗ ਪਏ। ਉਨ੍ਹਾਂ ਦਿਨਾਂ ਵਿਚ ਗੁਰਦੁਆਰਾ ਭੋਰਾ ਸਾਹਿਬ, ਗੁਰੂ ਕੇ ਸਰੋਵਰਾਂ ਦੀ ਸੇਵਾ ਬਾਬਾ ਬਿਸ਼ਨ ਸਿੰਘ ਜੀ ਕਰਵਾ ਰਹੇ ਸਨ। ਇਸ ਲਈ ਬਹੁਤ ਸਾਰੀਆਂ ਸੰਗਤਾਂ ਵਾਰੀ ਅਨੁਸਾਰ ਬਾਬੇ ਬਕਾਲੇ ਸਾਹਿਬ ਸੇਵਾ ਕਰਨ ਵਾਸਤੇ ਜਾਇਆ ਕਰਦੀਆਂ ਸਨ। ਬਾਬਾ ਰਾਮ ਸਿੰਘ ਜੀ ਨਿਰੰਜਨਪੁਰ ਵਾਲੇ ਐਤਵਾਰ ਸੇਵਾ ਕਰਨ ਵਾਸਤੇ ਜਾਂਦੇ ਹੁੰਦੇ ਸਨ।

ਹੌਲੀ-ਹੌਲੀ ਬਾਬਾ ਪਾਲਾ ਸਿੰਘ ਜੀ ਨੂੰ ਸੇਵਾ ਦੀ ਏਨੀ ਕੁ ਚੇਟਕ ਲੱਗੀ ਤਾਂ ਬਾਬਾ ਜੀ ਲੋਹਗੜ੍ਹ ਦੀਆਂ ਸੰਗਤਾਂ ਨਾਲ ਸੇਵਾ 'ਤੇ ਜਾਣ ਲੱਗ ਪਏ। ਫਿਰ ਬਾਬਾ ਜੀ ਨੂੰ ਸੇਵਾ ਦੀ ਚੇਟਕ ਵੱਧਦੀ ਗਈ ਅਤੇ ਬਾਬਾ ਜੀ ਇਕ ਦਿਨ ਛੱਡ ਕੇ ਸੇਵਾ 'ਤੇ ਜਾਣ ਲੱਗ ਪਏ। 5, 6 ਮਹੀਨੇ ਬਾਬਾ ਜੀ ਸ਼ਹੀਦੀ ਬਾਗ ਵੀ ਰਹੇ ਅਖੀਰ ਪੱਕੇ ਹੀ ਸੇਵਾ ਵਿਚ ਬਾਬੇ ਬਕਾਲੇ ਸਾਹਿਬ ਆ ਗਏ।

ਬਾਬਾ ਬਿਸ਼ਨ ਸਿੰਘ ਜੀ ਨੇ ਬਾਬਾ ਜੀ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਬਾਬਾ ਪਾਲਾ ਸਿੰਘ ਜੀ ਦੀ ਸੇਵਾ ਗਊਆਂ ਸਾਂਭਣ 'ਤੇ ਲਗਾ ਦਿੱਤੀ। ਬਾਬਾ ਪਾਲਾ ਸਿੰਘ ਜੀ ਗਊਆਂ ਦੀ ਸੇਵਾ ਕਰਨ ਲੱਗ ਪਏ। ਬਾਬਾ ਜੀ ਦਿਨ ਵੇਲੇ ਗਊਆਂ ਚਾਰਿਆ ਕਰਦੇ ਸਨ ਅਤੇ ਰਾਤ ਨੂੰ ਗਊਆਂ ਦਾ ਗੋਬਰ ਉਠਾਇਆ ਕਰਦੇ ਸਨ।

ਇਕ ਦਿਨ ਬਾਬਾ ਜੀ ਨੂੰ ਬਾਬਾ ਬਿਸ਼ਨ ਸਿੰਘ ਜੀ ਨੇ ਗਊਆਂ ਦੀ ਸੇਵਾ ਤੋਂ ਪ੍ਰਸੰਨ ਹੋ ਕੇ 17 ਸਾਲ ਦੀ ਉਮਰ ਵਿਚ ਆਪਣੀ ਹਜ਼ੂਰੀ ਦੀ ਇਕ ਬਰਛੀ ਤੇ ਅਕਾਲੀ ਬਾਣਾ ਬਾਬਾ ਪਾਲਾ ਸਿੰਘ ਜੀ ਨੂੰ ਬਖ਼ਸ਼ ਦਿੱਤਾ ਅਤੇ ਨਾਲ ਹੀ ਬਚਨ ਕੀਤਾ ਕਿ ਤੁਸਾਂ ਨੇ ਅੱਜ ਤੋਂ ਘਰ ਦਾ ਮੋਹ ਨਹੀਂ ਕਰਨਾ, ਮਨ ਲਾ ਕੇ ਸੇਵਾ ਵਿਚ ਰਾਤ ਦਿਨੇ ਰਹਿਣਾ। ਤੁਹਾਡੀ ਚੜ੍ਹਦੀ ਕਲਾ ਰਹੇਗੀ, ਤੁਹਾਡੀ ਵਾ ਵੱਲ ਕੋਈ ਦੇਖੇਗਾ ਨਹੀਂ, ਤੁਸੀਂ ਮਹਾਂ ਪ੍ਰਤਾਪੀ ਮਹਾਂਪੁਰਸ਼ ਹੋਵੋਗੇ। ਤਾਂ ਬਾਬਾ ਜੀ ਨੇ ਅੱਗੋਂ ਬਾਬਾ ਬਿਸ਼ਨ ਸਿੰਘ ਜੀ ਨੂੰ ਬਚਨ ਕੀਤਾ ਕਿ ਗਊਆਂ ਨੂੰ ਸਾਂਭਣਾ ਮੇਰੇ ਕੱਲੇ-ਕਾਰੇ ਦਾ ਵੱਸ ਨਹੀਂ, ਤਾਂ ਬਾਬਾ ਬਿਸ਼ਨ ਸਿੰਘ ਜੀ ਨੇ ਕਿਹਾ, ਤੁਸੀਂ ਚਿੰਤਾ ਨਾ ਕਰੋ। ਅਕਾਲੀ-ਫੌਜ ਆ ਕੇ ਸੇਵਾ ਆਪ ਕਰੇਗੀ।

ਇੰਜ ਬਾਬਾ ਬਿਸ਼ਨ ਸਿੰਘ ਜੀ ਨੇ ਬਾਬਾ ਪਾਲਾ ਸਿੰਘ ਜੀ ਨੂੰ ਸੇਵਾ ਬਖ਼ਸ਼ ਕੇ ਨਿਹਾਲੋ-ਨਿਹਾਲ ਕਰ ਦਿੱਤਾ। ਜਿਸ ਦਿਨ ਤੋਂ ਹੀ ਬਾਬਾ ਪਾਲਾ ਸਿੰਘ ਜੀ ਨੂੰ ਸੇਵਾ

Scanned with CamScanner

ਮਿਲੀ, ਬਾਬਾ ਜੀ ਨੇ ਉਸ ਦਿਨ ਤੋਂ ਸੇਵਾ ਲਈ ਕਮਰਕੱਸਾ ਹੋਰ ਕੱਸ ਲਿਆ। ਬਾਬਾ ਪਾਲਾ ਸਿੰਘ ਜੀ ਨੇ ਜਿੱਥੇ ਗਊਆਂ ਦੀ ਸੇਵਾ ਕੀਤੀ, ਉਥੇ ਮੱਝਾਂ, ਬਕਰੀਆਂ ਆਦਿਕਾਂ ਭਾਵ ਕਿ ਸਗਲੀ ਲੋਕਾਈ ਵਿਚ ਰੱਬ ਵੇਖਿਆ ਅਤੇ ਸਗਲੀ ਲੋਕਾਈ ਨੂੰ ਰੱਬ ਸਮਝ ਕੇ ਰੱਬ ਦੀ ਸੇਵਾ ਕੀਤੀ।

ਬਾਬਾ ਜੀ ਬਾਬਾ ਬਿਸ਼ਨ ਸਿੰਘ ਜੀ 'ਤੇ ਇੰਨੀ ਸ਼ਰਧਾ-ਨੇਸ਼ਠਾ ਰੱਖਦੇ ਸਨ। ਜਦ ਤੋਂ ਵੱਡਿਆਂ ਬਾਬਿਆਂ ਨੇ ਉਨ੍ਹਾਂ ਨੂੰ ਕਿਹਾ ਸੀ ਤੁਸਾਂ ਮਾਲ-ਧਨ (ਗਊਆਂ) ਵਿੱਚੋਂ ਕਿਤੇ ਬਾਹਰ ਨਹੀਂ ਜਾਣਾ। ਤਦੋਂ ਤੋਂ ਉਹ ਬਾਬਾ ਜੀ ਦੇ ਇਸ ਨੂੰ ਬਚਨ ਨੂੰ ਪੱਲੇ ਬੰਨ੍ਹ ਕੇ ਅਖੀਰ ਤੱਕ ਨਿਭਾਉਂਦੇ ਰਹੇ। ਉਹ ਕਦੇ ਗਊਆਂ ਵਿੱਚੋਂ ਬਾਹਰ ਜਾ ਕੇ ਰਾਤ ਸੁੱਤੇ ਨਹੀਂ ਅਤੇ ਪਰਤੱਖ ਤੌਰ 'ਤੇ ਵੀ ਆਪਣੇ ਚੋਲੇ ਦੀ ਕੰਨੀ ਅਤੇ ਦੁਮਾਲੇ ਨੂੰ ਇਕ ਗੰਢ ਦਿੰਦੇ ਸਨ ਤਾਂ ਕਿ ਸਾਨੂੰ ਬਾਬਾ ਜੀ ਦਾ ਬਚਨ ਕਦੇ ਵਿਸਰੇ ਨਾ।

ਬਾਬਾ ਜੀ ਦਾ ਸੇਵਾ ਕਰਨ ਦਾ ਢੰਗ ਅਨੋਖਾ ਹੀ ਸੀ। ਬਾਬਾ ਜੀ ਨੇ ਹਰੇਕ ਗਰੀਬ, ਅਨਾਥ, ਭੁੱਖੇ ਦੀ ਸੇਵਾ ਕਰਦੇ ਸਨ। ਬਾਬਾ ਜੀ ਕੁੱਤਿਆਂ ਨੂੰ ਮਿਠਿਆਈ, ਕੀੜੀਆਂ ਨੂੰ ਖੰਡ, ਮੱਛੀਆਂ ਨੂੰ ਖਸਖਾਸ, ਸੌਗੀ, ਬਦਾਮ ਪਾਇਆ ਕਰਦੇ ਸਨ। ਬਾਬਾ ਜੀ ਏਡੇ ਵੱਡੇ ਤਿਆਗੀ ਸਨ, ਉਨ੍ਹਾਂ ਦਾ ਮਾਇਆ ਨਾਲ ਮੋਹ ਨਹੀਂ ਸੀ। ਕਈ ਵਾਰ ਉਹ ਖ਼ੁਸ਼ੀ ਵਿਚ ਆ ਕੇ ਮਾਯਾ ਦਰਿਆ ਦੀ ਭੇਟ ਵੀ ਕਰ ਦਿੰਦੇ ਸਨ।

ਬਾਬਾ ਪਾਲਾ ਸਿੰਘ ਜੀ ਏਡੇ ਵੱਡੇ ਸੇਵਾਦਾਰ ਸਨ, ਪਰ ਫਿਰ ਵੀ ਉਨ੍ਹਾਂ ਵਿਚ ਨਿਮਰਤਾ ਕੁੱਟ-ਕੁੱਟ ਕੇ ਭਰੀ ਹੋਈ ਸੀ। ਬਾਬਾ ਜੀ ਦੀ ਸੇਵਾ ਸਮੇਂ ਇਕ ਪੱਤਰਕਾਰ ਨੇ ਬਾਬਾ ਜੀ ਨੂੰ ਕਿਹਾ ਕਿ ਆਪ ਜੀ ਕਦੋਂ ਤੋਂ ਗਊਆਂ ਦੀ ਸੇਵਾ ਕਰ ਰਹੇ ਹੋ ਤਾਂ ਬਾਬਾ ਜੀ ਮੁਸਕਰਾ ਕੇ ਕਹਿਣ ਲੱਗੇ ਕਿ ਅਸੀਂ ਗਊਆਂ ਦੀ ਕਾਹਦੀ ਸੇਵਾ ਕਰਦੇ ਹਾਂ, ਗਊਆਂ ਸਾਡੀ ਸੇਵਾ ਕਰਦੀਆਂ ਹਨ, ਭਾਵ ਕਿ ਅਸੀਂ ਗਊਆਂ ਦਾ ਦਿੱਤਾ ਹੀ ਛਕਦੇ ਪਏ ਹਾਂ।

ਬਾਬਾ ਜੀ ਏਹ ਵੀ ਕਿਹਾ ਕਰਦੇ ਸਨ ਕਿ ਲੋਕ ਗਊਆਂ-ਮੱਝਾਂ ਨੂੰ ਕੂੜਾ ਸਮਝ ਕੇ ਸਾਨੂੰ ਦੇ ਕੇ ਜਾਂਦੇ ਹਨ, ਪਰ ਸਤਿਗੁਰੂ ਜੀ ਗਊਆਂ ਨੂੰ ਸੋਨਾ ਬਣਾ ਕੇ, ਗਊਆਂ ਤੋਂ ਸੇਵਾ ਲੈਂਦੇ ਹਨ।

ਬਾਬਾ ਪਾਲਾ ਸਿੰਘ ਜੀ ਬੜਾ ਸਾਦਾ ਜੀਵਨ ਗੁਜ਼ਾਰਨ ਵਾਲੇ ਮਹਾਂਪੁਰਖ ਸਨ। ਉਹ ਇਕ ਹੀ ਚੋਲਾ, ਕਛਹਿਰਾ, ਦੁਮਾਲਾ ਰੱਖਦੇ ਸਨ ਅਤੇ ਹਰ-ਰੋਜ਼ ਕੇਸੀ ਇਸ਼ਨਾਨ ਕਰਦੇ ਹੁੰਦੇ ਸਨ। ਅੰਮ੍ਰਿਤ ਵੇਲੇ ਰੱਬੀ ਸਿਮਰਨ ਅਤੇ ਫੇਰ ਸ਼ਹੀਦੀ-ਰਗੜੇ ਦੀ ਸੇਵਾ ਕਰਨੀ, ਦਿਨੇ ਗਊਆਂ ਚਾਰਨੀਆਂ ਏਹ ਬਾਬਾ ਜੀ ਦਾ ਨਿਤਨੇਮ ਸੀ। ਬਾਬਾ ਜੀ ਅਰਾਮ ਵਾਸਤੇ ਹੇਠਾਂ-ਉੱਪਰ ਬੋਰੀਆਂ ਦਾ ਆਸਣ ਲਿਆ ਕਰਦੇ ਸਨ। ਜੈਸੇ ਬਾਣੀ ਦੇ ਬਚਨ ਹਨ ਕਿ :

ਯਥਾ :— ਮਤਿ ਹੋਦੀ ਹੋਇ ਇਆਣਾ॥ ਤਾਣ ਹੋਦੇ ਹੋਇ ਨਿਤਾਣਾ॥
ਅਣਹੋਦੇ ਆਪ ਵੰਡਾਏ॥ ਕੋ ਐਸਾ ਭਗਤੁ ਸਦਾਏ॥ ੧੨੮॥

ਬਾਬਾ ਜੀ ਦਾ ਐਸਾ ਜੀਵਨ ਸੀ ਕਿ ਸਭ ਕੁਝ ਹੁੰਦਿਆਂ ਵੀ ਨਿਤਾਣੇ, ਨਿਮਾਣੇ ਬਣ ਕੇ ਰਹਿੰਦੇ ਸਨ। ਸਾਰੀ ਲੋਕਾਈ ਉਨ੍ਹਾਂ ਨੂੰ ਝੁਕਦੀ ਸੀ, ਪਰ ਉਹ ਲੋਕਾਈ ਅੱਗੇ ਹਮੇਸ਼ਾ ਸਿਜਦਾ ਕਰਦੇ ਸਨ। ਬਾਬਾ ਜੀ ਏਡੇ ਵੱਡੇ ਤਿਆਗੀ ਸਨ, ਜਿੱਥੇ ਉਨ੍ਹਾਂ ਧਨ-ਦੌਲਤ, ਕੱਪੜਿਆਂ ਆਦਿਕਾਂ ਸਭ ਦਾ ਤਿਆਗ ਕੀਤਾ, ਉਥੇ ਹੀ ਉਨ੍ਹਾਂ ਨੇ ਸਰੀਰ ਨੂੰ ਵੀ ਮਰਿਆ ਹੋਇਆ ਹੀ ਸਮਝਿਆ ਹੋਇਆ ਸੀ।

ਇਕ ਵਾਰ ਬਾਬਾ ਜੀ ਦੀਆਂ ਲੱਤਾਂ ਵਿਚ ਕਿਰਮ ਚਲ ਗਏ ਅਤੇ ਇਕ ਕਿਰਮ ਇਕ ਵਾਰੀ ਉਭਰ ਕੇ ਲੱਤ ਤੋਂ ਬਾਹਰ ਆਇਆ ਤਾਂ ਬਾਬਾ ਜੀ ਨੇ ਅੰਦਰ ਧੱਕ ਕੇ ਕਿਹਾ ਕਿ ਤੇਰਾ ਥਾਂ ਬਾਹਰ ਨਹੀਂ, ਲੱਤ ਦੇ ਅੰਦਰ ਹੈ।

ਇਕ ਵਾਰ ਬਾਬਾ ਜੀ ਨੂੰ ਪੁਲਿਸ ਨੇ ਫੜ ਕੇ ਬਹੁਤ ਕੁੱਟਿਆ ਤਾਂ ਬਾਬਾ ਜੀ ਹੱਸ ਕੇ ਕਹਿਣ ਲੱਗੇ ਕਿ ਕੀ ਹੋਇਆ ਜੇ ਅੱਜ ਇਸ ਸਰੀਰ ਨੂੰ ਕੁੱਟ ਪੈ ਗਈ, ਕੱਲ ਮੱਥੇ ਵੀ ਇਸ ਨੂੰ ਹੀ ਟਿਕਦੇ ਸਨ। ਇੰਜ ਬਾਬਾ ਜੀ ਨੇ ਸਰੀਰ ਦਾ, ਪੂਰਨ ਰੂਪ ਵਿਚ ਤਿਆਗ ਕੀਤਾ ਹੋਇਆ ਸੀ।

ਬਾਬਾ ਜੀ ਦਾ ਬਚਨ ਚੱਲੇ ਹੋਏ ਤੀਰ ਵਾਂਗ ਪੂਰਾ ਹੁੰਦਾ ਸੀ। ਬਾਬਾ ਜੀ ਜੋ ਵੀ ਬਚਨ ਕਰਦੇ ਹੁੰਦੇ ਸੀ, ਉਹ ਬਚਨ ਝੱਟ ਪੂਰਾ ਹੋ ਜਾਇਆ ਕਰਦਾ ਸੀ। ਬਾਬਾ ਜੀ ਨੇ ਬਚਨਾਂ ਨਾਲ ਹੀ ਕਈਆਂ ਦੇ ਰੋਗ ਖੰਡ ਦਿੱਤੇ। ਕਈਆਂ ਦੇ ਘਰ ਭਰ ਦਿੱਤੇ। ਜਿਹੜੀ ਫਸਲ ਵਿੱਚੋਂ ਬਾਬਾ ਜੀ ਗਊਆਂ ਲੈ ਕੇ ਲੰਘ ਜਾਂਦੇ ਸਨ। ਉਹ ਫਸਲ ਦੂਨੀ ਹੋ ਜਾਂਦੀ। ਕਵੀ ਕਿਰਨਬੀਰ ਸਿੰਘ ਨਿਊਜੀਲੈਂਡ (ਵਿਦਿਆਰਥੀ ਭਾਈ ਨੰਦ ਲਾਲ ਜੀ ਗੁਰਮਤਿ ਵਿਦਿਆਲਾ ਸ੍ਰੀ ਸਰਬਲੋਹ ਬੁੰਗਾ ਨੰਗਲੀ) ਨੇ ਬਾਬਾ ਜੀ ਬਾਰੇ ਇਹ ਬੜੇ ਪਿਆਰੇ ਬੋਲ ਲਿਖੇ ਹਨ :

ਤੋਰੀ ਏਕ ਸਾਖ ਮੈਨੇ, ਹੋਈ ਨ ਰੰਗੀਨ ਪੁਨ
ਚਾਰੇ ਖੇਤ ਕਪਲਿ ਸਿਉ ਦੁਗਣੇ ਫਲੇਤ ਹੈ।
ਸੂਲ ਲਗੈ ਪਾਵ ਮਾਹਿ, ਜਰੀ ਨਹੀ ਜਾਤ ਮੁਹਿ,
ਨਾਂਗੇ ਪਾਂਵ ਰਾਜਾ ਜੀਉ ਤਾਰਤੇ ਚਲੇਤ ਹੈ।
ਮੋ ਸੇ ਸੇਵ ਹੋਤ ਨਾਹੀ, ਬਡੇ ਗੁਰਸਿਖਨ ਕੀ,
ਨਰ ਜਾਨਵਰ ਸੰਗਿ ਧਾਰੇ ਸਮ ਹੇਤ ਹੈ।
ਬਾਬਾ ਪਾਲਾ ਸਿੰਘ ਜੀਉ, ਗੁਰੂ ਜੀ ਕੋ ਸੁਤ ਕਹੋ,
ਹੋਤ ਜੋ ਨਿਮਾਣਾ ਆਇ, ਲਾਇ ਬਖਸੇਤ ਹੈ॥ ੧॥

ਬਾਬਾ ਪਾਲਾ ਸਿੰਘ ਜੀ ਸੱਚਖੰਡ ਵਾਸੀ ਬਾਬਾ ਬਿਸ਼ਨ ਸਿੰਘ ਜੀ ਬਾਬਾ ਕੀਰਤਨ ਸਿੰਘ, ਬਾਬਾ ਮੱਖਣ ਸਿੰਘ ਦੀ ਆਗਿਆ ਅਨੁਸਾਰ ਸੇਵਾ ਕਰਦੇ ਰਹੇ। ਬਾਬਾ ਜੀ ਨੇ

ਆਪਣੇ ਜੀਵਨ ਵਿਚ ਸੇਵਾਦਾਰ ਦੀ ਅਖੀਰਲੀ ਮੰਜਿਲ ਦਰਸਾ ਦਿੱਤੀ ਅਤੇ ਗੁਰੂ ਅਰਜਨ ਦੇਵ ਜੀ ਦੀਆਂ ਏਨ੍ਹਾਂ ਤੁਕਾਂ ਦੀ ਤਨਦੇਹੀ ਨਾਲ ਵਿਆਖਿਆ ਕੀਤੀ।

ਯਥਾ:- ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥ ਗੁਰ ਕੀ ਆਗਿਆ ਮਨ ਮਹਿ ਸਹੈ॥
ਆਪਸ ਕਉ ਕਰਿ ਕਛੁ ਨ ਜਨਾਵੈ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥
ਮਨੁ ਬੇਚੈ ਸਤਿਗੁਰ ਕੈ ਪਾਸਿ॥ ਤਿਸੁ ਸੇਵਕ ਕੇ ਕਾਰਜ ਰਾਸਿ॥
ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥
ਅਪਨੀ ਕ੍ਰਿਪਾ ਜਿਸੁ ਆਪਿ ਕਰੇਇ॥ ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ॥੨॥

ਅਖੀਰ ਬਾਬਾ ਪਾਲਾ ਸਿੰਘ ਜੀ ਇੰਜ ਅਨੇਕਾਂ ਕੌਤਕ ਕਰਦੇ ਹੋਏ ਅਤੇ ਮਿਸਲ ਸ਼ਹੀਦਾਂ ਤਰਨਾ ਦਲ ਦੇ 15ਵੇਂ ਮੁਖੀ ਬਾਬਾ ਗੱਜਣ ਸਿੰਘ ਜੀ ਆਗਿਆ ਵਿਚ ਸੇਵਾ ਕਰਦੇ ਹੋਏ 11 ਸਤੰਬਰ 2018 ਵਿਚ ਸੱਚਖੰਡ ਨੂੰ ਪਧਾਰ ਗਏ। ਜਦ ਬਾਬਾ ਪਾਲਾ ਸਿੰਘ ਜੀ ਸੱਚਖੰਡ ਨੂੰ ਪਧਾਰਣ ਲੱਗੇ ਤਾਂ ਅਖੀਰ ਉਨ੍ਹਾਂ ਨੇ ਬਾਬਾ ਭਰਥ ਜੀ (ਬਾਬਾ ਤਰਸੇਮ ਸਿੰਘ ਜੀ ਭਰਥ) ਨੂੰ ਚੇਤੇ ਕੀਤਾ ਤਾਂ ਹੁਣ ਗਊਆਂ ਦੀ ਸੇਵਾ ਬਾਬਾ ਗੱਜਣ ਸਿੰਘ ਜੀ ਨੇ ਬਾਬਾ ਭਰਥ ਜੀ ਨੂੰ ਬਖ਼ਸ਼ ਕੇ ਨਿਹਾਲ ਕਰ ਦਿੱਤਾ ਹੈ।

ਇਹ ਹੱਥਲੀ ਪੁਸਤਕ ਜੋ ਗਿਆਨੀ ਜਸਬੀਰ ਸਿੰਘ ਜੀ ਨੇ ਲਿਖੀ ਹੈ। ਇਹ ਪੋਥੀ ਦਾਸ ਵੱਲੋਂ ਬਾਬਾ ਪਾਲਾ ਸਿੰਘ ਜੀ ਨੂੰ ਸਮਰਪਿਤ ਹੈ ਅਤੇ ਦਾਸ ਬਾਬਾ ਗੱਜਣ ਸਿੰਘ ਜੀ, ਸੰਤ ਗੁਰਦੇਵ ਸਿੰਘ ਜੀ, ਸਿੰਘ ਸਾਹਿਬ ਜਥੇਦਾਰ ਗਿ: ਇਕਬਾਲ ਸਿੰਘ ਜੀ, ਗਿ: ਹਰਦੀਪ ਸਿੰਘ ਜੀ ਹਜ਼ੂਰ ਸਾਹਿਬ, ਆਦਿਕ ਸਭ ਦਾ ਧੰਨਵਾਦੀ ਹੈ। ਜਿਨ੍ਹਾਂ ਦੀ ਕਿਰਪਾ ਨਾਲ ਇਹ ਕਾਰਜ ਸੰਪੂਰਨ ਹੋਇਆ ਹੈ।



ਗਿਆਨੀ ਗੁਰਵਿੰਦਰ ਸਿੰਘ ਨੰਗਲੀ
ਪ੍ਰਚਾਰਕ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ,
ਸ੍ਰੀ ਬਾਬਾ ਬਕਾਲਾ ਸਾਹਿਬ



# ਲੇਖਕ ਵਲੋਂ

ਹੱਥਲੀ ਸਟੀਕ ਪੋਥੀ ਦੀ ਕਥਾ ਸਤਿਗੁਰੂ ਕਲਗੀਧਰ ਜੀ ਗੁਰੂ ਗੋਬਿੰਦ ਸਿੰਘ ਜੀ ਨੇ ਕ੍ਰਿਪਾ ਕਰਕੇ ਸਿੱਖ ਪੰਥ ਦੇ ਮਹਾਨ ਵਿਦਵਾਨ ਗਿਆਨੀ ਬਾਬਾ ਗੁਰਵਿੰਦਰ ਸਿੰਘ ਜੀ ਨੰਗਲੀ ਵਾਲਿਆਂ ਪਾਸੋਂ ਕਰਵਾਈ। ਬਾਬਾ ਗੁਰਵਿੰਦਰ ਸਿੰਘ ਜੀ ਨੂੰ ਇਸ ਕਥਾ ਦੇ ਕਰਨ ਦੇ ਬਾਰੇ ਭਾਵੇਂ ਬਹੁਤ ਸਾਰੀਆਂ ਸੰਗਤਾਂ ਨੇ ਪ੍ਰੇਰਿਤ ਕੀਤਾ, ਪਰ ਇਸ ਦੇ ਨਾਲ ਹੀ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ 15ਵੇਂ ਜਥੇਦਾਰ ਸਿੰਘ ਸਾਹਿਬ ਜਥੇਦਾਰ ਬਾਬਾ ਗੱਜਣ ਸਿੰਘ ਜੀ ਅਤੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ ਜੀ, ਸੰਤ ਗੁਰਦੇਵ ਸਿੰਘ ਜੀ ਗੁਰਦੁਆਰਾ ਸ਼ਹੀਦੀ ਬਾਗ ਵਾਲੇ, ਗਿਆਨੀ ਠਾਕੁਰ ਸਿੰਘ ਜੀ ਪਟਿਆਲੇ ਵਾਲਿਆਂ ਨੇ ਵਿਸ਼ੇਸ਼ ਆਗਿਆ ਕੀਤੀ ਅਤੇ ਸਮੇਂ-ਸਮੇਂ ਸਹਿਯੋਗ ਵੀ ਬਖ਼ਸ਼ਿਆ, ਸੋ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਕਥਾ ਰਿਕਾਰਡ ਅਤੇ ਇਸਦੀ ਲਿਖਾਈ ਪੂਰੀ ਹੋਈ ਹੈ।

ਬਾਬਾ ਗੁਰਵਿੰਦਰ ਸਿੰਘ ਜੀ ਦਾ ਜਨਮ ਨੰਗਲੀ ਨਗਰ ਵਿਖੇ ਸਰਦਾਰ ਕਸ਼ਮੀਰ ਸਿੰਘ ਦੇ ਘਰ ਮਾਤਾ ਨਰਿੰਦਰ ਕੌਰ ਦੀ ਕੁੱਖੋਂ 8 ਚੇਤ 1990 ਵਿਚ ਹੋਇਆ ਗਿਆਨੀ ਜੀ ਬਚਪਨ ਤੋਂ ਰੱਬੀ ਭਜਨ ਅਤੇ ਵਿੱਦਿਆ ਦੀ ਸੂਝ-ਬੂਝ ਰੱਖਣ ਵਾਲੇ ਮਹਾਂਪੁਰਖ ਹਨ। ਗਿਆਨੀ ਜੀ ਦੇ ਜਨਮ ਤੋਂ ਪਹਿਲਾਂ ਉਨ੍ਹਾਂ ਦੇ ਨਾਨਾ ਜੀ ਜਥੇਦਾਰ ਬਾਬਾ ਜੋਗਿੰਦਰ ਸਿੰਘ ਜੀ ਨਿਹੰਗ ਸਿੰਘ ਜੀ ਨੇ ਮਿਸਲ ਸ਼ਹੀਦਾਂ ਤਰਨਾ ਦਲ ਦੇ 12ਵੇਂ ਜਥੇਦਾਰ ਸਚਖੰਡ ਵਾਸੀ ਬਾਬਾ ਬਿਸ਼ਨ ਸਿੰਘ ਜੀ ਪਾਸੋਂ ਅਰਦਾਸਾ ਕਰਵਾਇਆ ਜਿਸ ਕਰਕੇ ਗਿਆਨੀ ਜੀ ਦਾ ਜਨਮ ਹੋਇਆ।

Scanned with CamScanner

ਬਾਬਾ ਗੁਰਵਿੰਦਰ ਸਿੰਘ ਜੀ ਨੇ ਗੁਰਮਤਿ ਦੀ ਮੁੱਢਲੀ ਵਿੱਦਿਆ ਸਭ ਤੋਂ ਪਹਿਲਾਂ ਆਪਣੇ ਨਗਰ ਦੇ ਹੀ ਪੂਰਨ ਬਿਬੇਕੀ, ਸਤਿਗੁਰਾਂ ਤੇ ਦ੍ਰਿੜ੍ਹ ਨਿਸ਼ਚਾ ਅਤੇ ਭਰੋਸਾ ਰੱਖਣ ਵਾਲੇ ਮਹਾਨ ਸਿਦਕੀ ਗੁਰਸਿੱਖ ਬਾਬਾ ਅਮਰ ਸਿੰਘ ਜੀ ਦੇ ਪਾਸੋਂ ਪ੍ਰਾਪਤ ਕੀਤੀ ਤੇ ਫਿਰ ਦਮਦਮੀ ਟਕਸਾਲ ਜਥਾ ਭਿੰਡਰਾਂ ਮਹਿਤਾ ਦੇ ਮਹਾਨ ਉਸਤਾਦਾਂ, ਮੌਜੂਦਾ ਮਹਾਂਪੁਰਖਾਂ ਤੋਂ ਗੁਰਮਤਿ ਦੀ ਵਿੱਦਿਆ ਪ੍ਰਾਪਤ ਕੀਤੀ। ਗਿਆਨੀ ਜੀ ਨੇ ਜਥੇ ਵਿਚ ਰਹਿ ਕੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ੍ਰੀ ਦਸਮ ਗ੍ਰੰਥ ਸਾਹਿਬ ਜੀ ਅਤੇ ਭਾਈ ਸਾਹਿਬ ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਕਬਿੱਤ ਸਵੱਈਆ ਦੀ ਸੰਥਿਆ ਕੀਤੀ। ਗਿਆਨੀ ਜੀ ਨੇ ਜਥੇ ਵਿਚ ਰਹਿ ਕੇ ਸ੍ਰੀ ਗੁਰੂ ਨਾਨਕ ਪ੍ਰਕਾਸ਼, ਸੂਰਜ ਪ੍ਰਕਾਸ਼, ਸ੍ਰੀ ਗੁਰੂ ਪੰਥ ਪ੍ਰਕਾਸ਼, ਅਧਿਆਤਮ ਪ੍ਰਕਾਸ਼, ਵਿਚਾਰ ਮਾਲਾ, ਸਾਰਕੁਤਾਵਲੀ, ਭਾਵਰਸਾਮ੍ਰਿਤ, ਚਾਣਕੀਆ ਰਾਜਨੀਤੀ ਇਤਿਆਦਕ ਗ੍ਰੰਥਾਂ ਦਾ ਅਧਿਐਨ ਕੀਤਾ। ਹਜ਼ੂਰੀ ਟਕਸਾਲ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਗਿਆਨੀ ਹਰਦੀਪ ਸਿੰਘ ਜੀ ਪਾਸੋਂ ਜ਼ਫ਼ਰਨਾਮਾ ਦੀ ਦੁਬਾਰਾ ਸੰਥਿਆ ਕੀਤੀ ਅਤੇ ਸ੍ਰੀ ਸਰਬਲੋਹ ਪ੍ਰਕਾਸ਼ ਗ੍ਰੰਥ ਦੀ ਸੰਥਿਆ ਕੀਤੀ। ਨਿਰਮਲੇ ਸੰਤਾਂ ਵਿਚੋਂ ਸੰਤ ਤੇਜਾ ਸਿੰਘ ਜੀ ਖੁੱਡੇ ਵਾਲਿਆਂ, ਅਚਾਰੀਆ ਪੁਸ਼ਪਰਾਜ ਜੀ ਤੇ ਸੁਆਮੀ ਨਿਰਮਲ ਚੇਤਨ ਜੀ ਪਾਸੋਂ ਅਧਿਆਤਮ ਪ੍ਰਕਾਸ਼, ਵੈਰਾਗ ਸ਼ੱਤਕ, ਪ੍ਰਬੋਧ ਚੰਦਰਨਾਟਕ, ਵਿਚਾਰ ਚੰਦ੍ਰੋਦੈ, ਵੀਚਾਰ ਸਾਗਰ, ਆਦਿਕ ਅਤੇ ਸੰਸਕ੍ਰਿਤ ਦੀ ਮੁੱਢਲੀ ਵਿੱਦਿਆ ਦਾ ਅਧਿਐਨ ਕੀਤਾ।

ਮੌਲਵੀ ਅਤੀਕ ਅਹਮਦ ਸਾਹਿਬ ਜੀ ਪਾਸੋਂ ਗਿਆਨੀ ਜੀ ਨੇ ਫ਼ਾਰਸੀ ਦੀ ਵਿਆਕਰਣ ਅਤੇ ਭਾਈ ਸਾਹਿਬ ਭਾਈ ਨੰਦ ਲਾਲ ਜੀ ਦੀ ਸਾਰੀ ਬਾਣੀ ਦੇ ਅਰਥ, ਫਤਹਨਾਮਹ, ਜ਼ਫਰਨਾਮਹ ਅਤੇ ਸ੍ਰੀ ਸਰਬਲੋਹ ਪ੍ਰਕਾਸ਼ ਵਿਚ ਫ਼ਾਰਸੀ ਅਤੇ ਅਰਬੀ ਵਾਲੇ ਸ਼ਬਦਾਂ ਦੇ ਅਰਥ ਪੜ੍ਹੇ।

Scanned with CamScanner

ਇੰਜ ਗਿਆਨੀ ਜੀ ਨੇ ਗੁਣੀਜਨ ਮਹਾਂਪੁਰਸ਼ਾਂ ਪਾਸ ਰਹਿ ਕੇ ਉੱਚ ਦਰਜੇ ਦੀ ਵਿੱਦਿਆ ਹਾਸਿਲ ਕੀਤੀ, ਅਤੇ ਹੁਣ ਸਮੁੱਚੇ ਪੰਥ ਵਿਚ ਗਿਆਨੀ ਜੀ ਗੁਰਮਤਿ ਦੀ ਵਿੱਦਿਆ ਪੜ੍ਹਾਉਣ ਦੇ ਨਾਲ-ਨਾਲ ਗੁਰਸਿੱਖੀ ਦਾ ਮਹਾਨ ਪ੍ਰਚਾਰ ਕਰ ਰਹੇ ਹਨ।

ਜਦ ਭਾਈ ਨੰਦ ਲਾਲ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਆਏ ਤਾਂ ਕਲਗੀਧਰ ਜੀ ਨੇ ਭਾਈ ਨੰਦ ਲਾਲ ਜੀ ਦੇ ਬੰਦਗੀਨਾਮਾ ਗ੍ਰੰਥ ਦਾ ਨਾਂਅ ਬਦਲ ਕੇ ਜ਼ਿੰਦਗੀਨਾਮਾ ਰੱਖ ਦਿੱਤਾ ਅਤੇ ਨਾਲ ਹੀ ਜ਼ਿੰਦਗੀਨਾਮਾ ਸਿੰਘਾਂ ਨੂੰ ਪੜ੍ਹਾਉਣ ਦਾ ਹੁਕਮ ਦਿੱਤਾ। ਭਾਈ ਸਾਹਿਬ ਭਾਈ ਨੰਦ ਲਾਲ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਖ਼ਸ਼ਿਸ਼ਾਂ ਪ੍ਰਾਪਤ ਕਰਕੇ ਸਿੰਘਾਂ ਨੂੰ ਫ਼ਾਰਸੀ ਪੜ੍ਹਾਉਣ ਦੀ ਸੇਵਾ ਕਰਦੇ ਰਹੇ। ਭਾਈ ਸਾਹਿਬ ਤੋਂ ਬਾਅਦ ਉਨ੍ਹਾਂ ਦੀ ਬਾਣੀ ਦੇ ਅਰਥ ਸੀਨਾ ਬਸੀਨਾ ਵਿਰਲੇ ਵਿਰਲੇ ਮਹਾਂਪੁਰਖ ਪੰਥ ਵਿਚ ਪੜ੍ਹਾਉਂਦੇ ਰਹੇ। ਜ਼ਿੰਦਗੀਨਾਮੇ ਦੇ ਟੀਕਾਕਾਰ ਸੰਤ ਖ਼ਾਲਸਾ ਸਰੂਪ ਸਿੰਘ ਜੀ ਲਿਖਦੇ ਹਨ ਕਿ ਭਾਈ ਸਾਹਿਬ ਭਾਈ ਨੰਦ ਲਾਲ ਜੀ ਤੋਂ ਵਿੱਦਿਆ ਪੜ੍ਹਾਉਣ ਦੀ ਇਕ ਸੰਪ੍ਰਦਾ ਵੀ ਚੱਲੀ।

1. ਭਾਈ ਮਨੀ ਸਿੰਘ ਜੀ
2. ਭਾਈ ਦੀਵਾਨ ਸਿੰਘ ਜੀ
3. ਭਾਈ ਗੁਰਦਿਆਲ ਸਿੰਘ ਜੀ
4. ਗਿਆਨੀ ਗੁਰਬਖ਼ਸ਼ ਸਿੰਘ ਜੀ
5. ਭਾਈ ਅਮਰ ਸਿੰਘ ਜੀ
6. ਭਾਈ ਰਾਮ ਸਿੰਘ ਜੀ
7. ਭਾਈ ਹਜ਼ੂਰਾ ਸਿੰਘ ਜੀ
8. ਗਿਆਨੀ ਬਖ਼ਸ਼ੀਸ਼ ਸਿੰਘ ਜੀ
9. ਸੰਤ ਖ਼ਾਲਸਾ ਗਿਆਨੀ ਸਰੂਪ ਸਿੰਘ ਜੀ

ਗਿਆਨੀ ਸਰੂਪ ਸਿੰਘ ਜੀ ਤੋਂ ਬਾਅਦ ਬਾਬਾ ਦਇਆ ਸਿੰਘ ਜੀ ਨਿਹੰਗ ਸਿੰਘ ਅਤੇ ਬਾਬਾ ਕਰਤਾਰ ਸਿੰਘ ਜੀ ਨਿਹੰਗ ਸਿੰਘ ਜੀ

Scanned with CamScanner

ਮੋਟਾ ਅੱਖਰ ਇਸ ਬਾਣੀ ਨੂੰ ਪੜ੍ਹਾਉਣ ਦੀ ਸੇਵਾ ਸਮੇਂ ਨਾਲ ਕਰਦੇ ਰਹੇ।

ਅੱਜਕੱਲ੍ਹ ਉਸੇ ਪ੍ਰੰਪਰਾ ਨੂੰ ਜਾਰੀ ਰੱਖਦਿਆਂ ਗਿਆਨੀ ਗੁਰਵਿੰਦਰ ਸਿੰਘ ਜੀ ਨੰਗਲੀ ਵਾਲੇ, ਸਿੰਘ ਸਾਹਿਬ ਜਥੇਦਾਰ ਬਾਬਾ ਗੱਜਣ ਸਿੰਘ ਜੀ ਦੀ ਆਗਿਆ ਅਨੁਸਾਰ ਸਮਾਧਾਂ ਬਾਬਾ ਨੌਧ ਸਿੰਘ ਜੀ ਗੁਰਮਤਿ ਵਿਦਿਆਲੇ, ਮੀਰੀ-ਪੀਰੀ ਅਕੈਡਮੀ ਅਤੇ ਭਾਈ ਨੰਦ ਲਾਲ ਜੀ ਗੁਰਮਤਿ ਵਿਦਿਆਲਾ ਸ੍ਰੀ ਸਰਬਲੋਹ ਬੁੰਗਾ ਨੰਗਲੀ ਇਤਿਆਦਿਕ ਵਿਦਿਆਲਿਆਂ ਮਹਾਂ ਵਿਦਿਆਲਿਆਂ ਵਿਚ ਪੜ੍ਹਾ ਰਹੇ ਹਨ। ਗਿਆਨੀ ਜੀ ਭਾਈ ਨੰਦ ਲਾਲ ਜੀ ਦੀ ਬਾਣੀ ਦੇ ਨਾਲ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਸਮ ਬਾਣੀ, ਸ੍ਰੀ ਸਰਬਲੋਹ ਮਹਾਰਾਜ ਦੀ ਗੁਰਬਾਣੀ ਅਤੇ ਇਤਿਹਾਸਕ, ਵੇਦਾਂਤਿਕ, ਪਿੰਗਲ, ਵਿਆਕਰਣ ਆਦਿਕ ਦੇ ਗ੍ਰੰਥ ਵੀ ਪੜ੍ਹਾ ਰਹੇ ਹਨ। ਦਾਸ ਨੂੰ ਗਿਆਨੀ ਗੁਰਵਿੰਦਰ ਸਿੰਘ ਜੀ ਪਾਸੋਂ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਅਤੇ ਸ੍ਰੀ ਸਰਬਲੋਹ ਪ੍ਰਕਾਸ਼ ਗ੍ਰੰਥ ਸਾਹਿਬ ਜੀ ਦੀ ਸੰਥਿਆ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ।

ਅਨੇਕਾਂ ਹੱਥ ਲਿਖਤ ਪ੍ਰਮਾਣਨੀਕ ਸਰੂਪ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਹਨ। ਜਿਨ੍ਹਾਂ ਵਿਚ ਛਾਪੇ ਵਾਲੇ ਸਰੂਪ ਨਾਲੋਂ ਕੁਝ ਬਾਣੀਆਂ ਵਧੀਕ ਹਨ। ਵਧੀਕ ਬਾਣੀਆਂ (ਅਸਫੋਟਕ ਬਾਣੀਆਂ) ਵਿਚੋਂ ਬ੍ਰਹਮ ਕਵਚ ਨਾਮ ਦੀ ਗੁਰਬਾਣੀ ਨੂੰ ਪੜ੍ਹਨ ਦਾ ਪ੍ਰਚਾਰ ਗਿਆਨੀ ਠਾਕੁਰ ਸਿੰਘ ਜੀ ਪਟਿਆਲੇ ਵਾਲਿਆਂ ਨੇ ਬਹੁਤ ਕੀਤਾ। ਜਿਸ ਤੋਂ ਸੰਗਤਾਂ ਨੇ ਇਸ ਗੁਰਬਾਣੀ ਨੂੰ ਪੜ੍ਹ ਕੇ ਭਾਰੀ ਲਾਭ ਪ੍ਰਾਪਤ ਕੀਤਾ।

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਜੀ, ਮਿਸਲ ਸ਼ਹੀਦਾਂ ਤਰਨਾ ਦਲ ਸ੍ਰੀ ਬਾਬਾ ਬਕਾਲਾ ਸਾਹਿਬ ਦੇ 15ਵੇਂ ਜਥੇਦਾਰ ਬਾਬਾ ਗੱਜਣ ਸਿੰਘ ਜੀ, ਗਿਆਨੀ ਠਾਕੁਰ ਸਿੰਘ ਜੀ ਪਟਿਆਲੇ ਵਾਲੇ ਅਤੇ ਸਮੂਹ ਖ਼ਾਲਸਾ ਸਾਧ ਸੰਗਤ ਦੀ ਅਸੀਸ ਨਾਲ ਗਿਆਨੀ ਗੁਰਵਿੰਦਰ ਸਿੰਘ ਜੀ

Scanned with CamScanner

ਨੰਗਲੀ ਵਾਲਿਆਂ ਨੇ ਦਸਮੇਸ਼ ਜੀ ਦੀ ਰਚਨਾ ਬ੍ਰਹਮ ਕਵਚ ਅਤੇ ਬੀਰਰਸ ਨਾਲ ਭਰਪੂਰ ਰਚਨਾ ਭਗਉਤੀ ਅਸਤੋਤ੍ਰ ਦੀ ਕਥਾ ਕਰਕੇ ਸੇਵਾ ਕੀਤੀ ਅਤੇ ਦਾਸ ਤੋਂ ਗਿਆਨੀ ਜੀ ਨੇ ਲਿਖਣ ਦੀ ਸੇਵਾ ਕਰਵਾਈ। ਦਾਸ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਅਤੇ ਉਨ੍ਹਾਂ ਦੇ ਪਿਆਰੇ ਗੁਰਮੁਖਿ ਗਿਆਨੀ ਗੁਰਵਿੰਦਰ ਸਿੰਘ ਜੀ ਦਾ ਅਤਿ ਧੰਨਵਾਦ ਕਰਦਾ ਹੈ।

ਗਿਆਨੀ ਹਰਦੀਪ ਸਿੰਘ ਜੀ ਸਾਬਕਾ ਹੈੱਡ ਗ੍ਰੰਥੀ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਗਿਆਨੀ ਮਹਿਤਾਬ ਸਿੰਘ ਜੀ ਭੰਬੋਈ, ਸੰਤ ਦਰਸ਼ਨ ਸਿੰਘ ਜੀ ਸ਼ਾਸਤ੍ਰੀ ਭੈਲਾਂ ਵਾਲੇ, ਸੰਤ ਜਸਵਿੰਦਰ ਸਿੰਘ ਜੀ ਸ਼ਾਸਤ੍ਰੀ (ਨਿਰਮਲ ਪੰਚਾਇਤੀ ਅਖਾੜੇ ਦੇ ਕੁਠਾਰੀ), ਗਿਆਨੀ ਤ੍ਰਿਲੋਚਨ ਸਿੰਘ ਜੀ ਮਹੰਤ, ਗਿਆਨੀ ਗੁਰਜੰਟ ਸਿੰਘ ਜੀ ਪਟਿਆਲਾ (ਪੁਰਾਤਨ ਹੱਥ ਲਿਖਤ ਗ੍ਰੰਥਾਂ ਦੇ ਖੋਜੀ), ਗਿਆਨੀ ਸੁਖਜਿੰਦਰ ਸਿੰਘ ਜੀ ਗੁਰੂ ਨਾਨਕ ਦਲ ਮੜ੍ਹੀਆਂ ਵਾਲੇ, ਗਿਆਨੀ ਜੋਬਨਪ੍ਰੀਤ ਸਿੰਘ ਧਰਦਿਓਂ, ਗਿਆਨੀ ਜਗਜੀਤ ਸਿੰਘ ਜੱਜ ਖਡੂਰ ਸਾਹਿਬ, ਗਿਆਨੀ ਰੂੜ ਸਿੰਘ ਔਲਖ, ਗਿਆਨੀ ਬੀਰਬਲ ਸਿੰਘ ਸ਼ਹੀਦੀ ਬਾਗ, ਗਿਆਨੀ ਬਲਬੀਰ ਸਿੰਘ ਵੈਰਾਗੀ ਰਾੜਾ ਸਾਹਿਬ ਵਾਲੇ, ਗਿਆਨੀ ਮੁਖਤਾਰ ਸਿੰਘ ਦਮਦਮੀ ਟਕਸਾਲ, ਭਾਈ ਪ੍ਰਭਜੋਤ ਸਿੰਘ ਦਮਦਮੀ ਟਕਸਾਲ, ਬਾਬਾ ਸੇਮਾ ਸਿੰਘ ਜੀ ਗਤਕਈ, ਭਾਈ ਸ਼ੇਰ ਸਿੰਘ ਚੱਬਾ ਆਦਿਕ ਸਿੰਘਾਂ ਨੇ ਸਮੇਂ-ਸਮੇਂ ਦਾਸ ਨੂੰ ਸਹਿਯੋਗ ਬਖ਼ਸ਼ਿਆ। ਇਨ੍ਹਾਂ ਸਭ ਸਿੰਘਾਂ ਦਾ ਧੰਨਵਾਦ।

ਗੁਰੂ ਪੰਥ ਦਾ ਦਾਸਰਾ
ਜਸਵੀਰ ਸਿੰਘ
ਵਿਦਿਆਰਥੀ ਭਾਈ ਨੰਦ ਲਾਲ ਜੀ ਗੁਰਮਤਿ ਵਿਦਿਆਲਾ
ਸ੍ਰੀ ਸਰਬਲੋਹ ਬੁੰਗਾ ਨੰਗਲੀ
ਪਿੰਡ ਅਤੇ ਡਾ: ਕੋਹਾਲਾ, ਜ਼ਿਲ੍ਹਾ ਜਲੰਧਰ।

## ੧ੴ ਸਤਿਗੁਰ ਪ੍ਰਸਾਦਿ॥

ਗਿਆਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿਚ ਜਿਵੇਂ ਬ੍ਰਹਮ ਕਵਚ ਦੀ ਕਥਾ ਲਿਖੀ ਹੈ। ਉਹ ਪ੍ਰਸੰਗ ਅਸੀਂ ਇੱਥੇ ਲਿਖ ਰਹੇ ਹਾਂ।

ਗਿਆਨੀ ਗਿਆਨ ਸਿੰਘ ਜੀ ਦਾ ਪੰਥ ਪ੍ਰਕਾਸ਼ ਅਜੋਕੇ ਸਮੇਂ ਵਿਚ ਦੋ ਜਗ੍ਹਾ ਤੋਂ ਛਪਦਾ ਹੈ। ਇਕ ਤਾਂ ਗਿਆਨੀ ਕਿਰਪਾਲ ਸਿੰਘ ਜੀ ਨੇ ਟੀਕਾ ਟਿੱਪਣੀ ਕਰਕੇ ਛਪਵਾਇਆ ਹੈ। ਉਸ ਵਿਚ ਇਹ ਪ੍ਰਸੰਗ ਥੋੜ੍ਹਾ ਹੋਰ ਪ੍ਰਕਾਰ ਨਾਲ ਲਿਖਿਆ ਹੈ। ਦੂਜਾ ਪੰਥ ਪ੍ਰਕਾਸ਼ ਭਾਸ਼ਾ ਵਿਭਾਗ ਵਲੋਂ ਛਪਦਾ ਹੈ ਜਿਸ ਦੇ 234 ਸਫੇ ਤੇ ਇਹ ਪ੍ਰਸੰਗ ਲਿਖਿਆ ਹੈ। 1823 ਈ. ਵਿਚ ਇਕ ਪੰਥ ਪ੍ਰਕਾਸ਼ ਲਹੌਰ ਤੋਂ ਛਪਿਆ ਸੀ, ਜੋ ਗੁਰਦੁਆਰਾ ਸ਼ਹੀਦੀ ਬਾਗ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੁਭਾਇਮਾਨ ਹੈ। ਜਿਸ ਵਿਚ ਵੀ ਇਹ ਪ੍ਰਸੰਗ ਇਨ ਬਿਨ ਭਾਸ਼ਾ ਵਿਭਾਗ ਦੇ ਪੰਥ ਪ੍ਰਕਾਸ਼ ਵਾਂਗ ਹੀ ਮੌਜੂਦ ਹੈ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਜੋ ਇਹ ਅਧਿਆਏ ਹੈ, ਇਸ ਵਿਚ ਪ੍ਰਸ਼ਨ ਉੱਤਰ ਹੋਣਗੇ ਜਿਸ ਨਾਲ ਸਿੱਖਾਂ ਦੇ ਮਨ ਵਿਚ ਕੋਈ ਸ਼ੰਕਾ ਜਾਂ ਜੋ ਡਾਕਟਰ ਮਰੀ ਕਪਤਾਨ ਨੂੰ ਪੰਥ ਦੀ ਕਥਾ ਸੁਣਦਿਆਂ ਪੈਦਾ ਹੋਏ ਸੰਕਿਆਂ ਦਾ ਭਰਮ ਦੂਰ ਹੋਵੇਗਾ। ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ ਨੇ ਜੋ ਪੰਥ ਪ੍ਰਕਾਸ਼ ਛਪਵਾਇਆ, ਇਹ ਪ੍ਰਸੰਗ ਉਸ ਵਿਚ ਇਸ ਪ੍ਰਕਾਰ ਹੈ। ਡਾ. ਮਰੀ ਕਪਤਾਨ ਜੋ ਕਿ ਲੁਧਿਆਣੇ ਦੇ ਰਹਿਣ ਵਾਲਾ ਸੀ। ਜਿਸ ਨੇ ਭਾਈ ਰਤਨ ਸਿੰਘ ਜੀ ਭੰਗੂ ਨੂੰ ਬੇਨਤੀ ਕੀਤੀ ਕਿ ਮੈਨੂੰ ਪੰਥ ਖਾਲਸੇ ਦੀ ਕਥਾ ਸੁਣਾਓ ਤਾਂ ਸ਼ਹੀਦ ਭਾਈ ਰਤਨ ਸਿੰਘ ਜੀ ਭੰਗੂ ਨੇ ਕਥਾ ਸੁਣਾਈ। ਡਾ. ਮਰੀ ਕਪਤਾਨ ਨੂੰ ਖਾਲਸੇ ਦੇ ਪ੍ਰਗਟ ਹੋਣ ਦੀ ਕਥਾ ਸੁਣਨ 'ਤੇ ਜੋ ਸ਼ੰਕਾ ਪੈਦਾ ਹੋਇਆ ਉਸ ਪ੍ਰਸੰਗ ਨੂੰ ਗਿਆਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿਚ ਲਿਖਿਆ ਹੈ। ਇਹ ਪ੍ਰਸੰਗ ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿਚ ਇੰਜ ਸ਼ੁਰੂ ਹੁੰਦਾ ਹੈ।

Scanned with CamScanner

**ਚੌਪਈ**

**ਸਿੰਘ ਨਾਮ ਤਬਿ ਤੈ ਯੌਂ ਭਯੋ।**

**ਪੰਥ ਰਚਯੋ ਸਤਿਗੁਰੁ ਜਯੋਂ ਨਯੋ।**

ਗੁਰੂ ਜੀ ਨੇ ਜਦੋਂ ਖਾਲਸਾ ਪ੍ਰਗਟ ਕੀਤਾ ਤਾਂ ਸਾਰੇ ਸਿੱਖਾਂ ਦੇ ਨਾਮ ਨਾਲ ਸਿੰਘ ਲਗਾ ਦਿੱਤਾ।

**ਯਹਿ ਗਾਥਾ ਪੂਰਬ ਸਬਿ ਸੁਨਿ ਕੈ।**

**ਪ੍ਰਸ਼ਨ ਕੀਓ ਮਰੀ ਫਿਰ ਗੁਨਿ ਕੈ॥੧॥**

ਇਹ ਕਥਾ ਪਹਿਲਾਂ ਡਾ. ਮਰੀ ਕਪਤਾਨ ਨੇ ਸੁਣ ਕੇ ਫਿਰ ਗੁਨਿ ਕੈ=ਵਿਚਾਰ ਕੇ ਭਾਈ ਰਤਨ ਸਿੰਘ ਨੂੰ ਇਹ ਸਵਾਲ ਕੀਤਾ ਕਿ

**ਇਸ਼ਟ ਗੁਰੂ ਕਾ ਏਕ ਅਕਾਲੈ।**

**ਅਕਾਲ ਉਸਤਤਿ ਮੈਂ ਕਹਯੋ ਬਿਸਾਲੈਂ।**

ਮਰੀ ਕਪਤਾਨ ਨੇ ਭਾਈ ਰਤਨ ਸਿੰਘ ਭੰਗੂ ਨੂੰ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਉਸਤਤਿ ਵਿਚ ਗੁਰੂ ਕਾ= ਗੁਰ ਕਿਆਂ ਸਿੱਖਾਂ ਦਾ ਇਸ਼ਟ ਇਕ ਅਕਾਲ ਨੂੰ ਕਿਹਾ ਹੈ।

**ਕਰਿ ਸਭਿ ਦੇਵਨ ਕੇਰ ਨਿਰਸਤੰ।**

**ਕਹਯੋ ਗੁਰੂ ਮੈਂ ਬੁੱਤ ਸ਼ਿਕਸਤੰ॥੨॥**

ਗੁਰੂ ਸਾਹਿਬ ਜੀ ਨੇ ਸਭ ਦੇਵੀ ਦੇਵਤਿਆਂ ਦੀ ਪੂਜਾ ਕਰਨ ਤੋਂ ਨਿਰਸਤੰ = ਮਨ੍ਹਾ ਕੀਤਾ ਹੈ। ਅਤੇ ਗੁਰੂ ਜੀ ਨੇ ਜ਼ਫ਼ਰਨਾਮੇ ਵਿਚ ਔਰੰਗਜ਼ੇਬ ਨੂੰ ਕਿਹਾ ਕਿ ਪਹਾੜੀਏ ਅਤੇ ਤੂੰ ਬੁੱਤਾਂ ਨੂੰ ਪੂਜਣ ਵਾਲਾ ਹੈ ਅਤੇ ਮੈਂ ਬੁੱਤਾਂ ਨੂੰ ਸ਼ਿਕਸਤੰ = ਤੋੜਨ ਵਾਲਾ ਹਾਂ।

**ਕਿ ਓ ਬੁਤ ਪਰਸਤੰਦੁ ਮਨ ਬੁਤ ਸ਼ਿਕਸਤ॥੯੫॥**

(ਜ਼ਫ਼ਰਨਾਮਹ)

**ਫਿਰ ਕ੍ਰਿਪਾਨ ਕਯੋਂ ਪੂਜ ਉਚਾਰਾ।**

**ਰਖਤ ਸਿੱਖ ਸਭਿ ਸੀਸ ਮਝਾਰਾ।**

ਫਿਰ ਸਤਿਗੁਰਾਂ ਨੇ ਕ੍ਰਿਪਾਨ ਨੂੰ ਪੂਜਣ ਲਈ ਅਤੇ ਕੇਸਾਂ ਵਿਚ ਰੱਖਣ

ਲਈ ਕਿਉਂ ਕਿਹਾ ਹੈ ਅਤੇ ਸਾਰੇ ਸਿੱਖ ਕ੍ਰਿਪਾਨ ਕੇਸਾਂ ਵਿਚ ਕਿਉਂ ਰੱਖਦੇ ਹਨ।

**ਪੁਨ ਖੰਡੇ ਕੋ ਸਿੰਘ ਪੁਜਾਵਤ।**

**ਬੁੱਤ ਪ੍ਰਸਤੀ ਯਹੀ ਨ ਕਹਾਵਤ॥ ੩॥**

ਫਿਰ ਸਿੰਘ ਖੰਡੇ ਨੂੰ ਪੂਜਦੇ ਹਨ, ਕੀ ਇਹ ਬੁੱਤ ਪ੍ਰਸਤੀ ਨਹੀਂ, ਇਹ ਸਵਾਲ ਡਾ. ਮਰੀ ਕਪਤਾਨ ਨੇ ਭਾਈ ਰਤਨ ਸਿੰਘ ਭੰਗੂ ਨੂੰ ਕੀਤੇ ਅਤੇ ਭਾਈ ਰਤਨ ਸਿੰਘ ਭੰਗੂ ਨੇ ਇਨ੍ਹਾਂ ਸਵਾਲਾਂ ਦਾ ਜਵਾਬ ਦਿੱਤਾ ਜਿਸ ਕਥਾ ਨੂੰ ਗਿਆਨੀ ਗਿਆਨ ਸਿੰਘ ਨੇ ਆਪਣੇ ਪੰਥ ਪ੍ਰਕਾਸ਼ ਵਿਚ ਦਰਜ ਕੀਤਾ।

ਨੋਟ-ਭਾਸ਼ਾ ਵਿਭਾਗ ਤੋਂ ਜੋ ਪੰਥ ਪ੍ਰਕਾਸ਼ ਛਪਦਾ ਹੈ, ਉਸ ਵਿਚ ਇਹ ਪ੍ਰਸੰਗ ਇਥੋਂ ਸ਼ੁਰੂ ਹੁੰਦਾ ਹੈ।

**ਦੋਹਿਰਾ।**

**ਪ੍ਰਸ਼ਨ ਉੱਤਰ ਹੋਹਿੰਗੇ, ਇਸ ਅਧਯਾਇ ਮੈ ਹੇਰ।**

**ਜਿਨ ਤੇ ਪੈਹੈ ਪ੍ਰੌਢਤਾ, ਪੰਥ ਖਾਲਸੇ ਕੇਰ।੧।**

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ

1. ਇਸ ਅਧਿਆਏ ਵਿਚ ਪ੍ਰਸ਼ਨ ਉੱਤਰ ਹੋਣਗੇ, ਤੁਸੀਂ ਹੇਰ = ਦੇਖ, ਸਮਝ ਲੈਣੇ।

2. ਜਿਸ ਤੋਂ ਗੁਰੂ ਪੰਥ ਖਾਲਸਾ ਆਪਣੇ ਮਨ ਵਿਚ ਪ੍ਰੌਢਤਾ = ਨਿਸ਼ਚਾ ਪਾ ਲਏਗਾ ਕ੍ਰਿਪਾਨ ਦੀ ਰਹਿਤ ਰਖਣ ਬਾਰੇ।

**ਪੂਰਬ ਰਹਿਤ ਬਤਾਨ ਮੈ, ਦਸਮ ਗੁਰੂ ਕ੍ਰਿਪਾਨ।**

**ਇਸ਼ਟ ਦਿਢਾਯੋ ਸਿੱਖਨ ਕੋ, ਔਰ ਦੇਵ ਦਰਿਹਾਨ।੨।**

1. ਪਹਿਲਾ ਦਸਮੇ ਪਾਤਸ਼ਾਹ ਜੀ ਨੇ ਕ੍ਰਿਪਾਨ ਦੀ ਰਹਿਤ ਦੱਸੀ ਹੈ ਕਿ ਜੋ ਗੁਰੂ ਕਾ ਸਿੰਘ ਖੰਡੇ ਦੀ ਪਾਹੁਲ ਲੈ ਕੇ ਕ੍ਰਿਪਾਨ ਨੂੰ ਧਾਰਨ ਕਰੇ।

2. ਇੰਜ ਖ਼ਾਲਸੇ ਨੂੰ ਕਲਗੀਧਰ ਜੀ ਨੇ ਕਿਹਾ ਕਿ ਤੁਹਾਡਾ ਇਸ਼ਟ ਕ੍ਰਿਪਾਨ ਹੈ ਅਤੇ ਇਹ ਕ੍ਰਿਪਾਨ ਦੇਵ = ਦੈਂਤਾਂ ਨੂੰ ਦਰਿਹਾਨ = ਮਾਰਨ

Scanned with CamScanner

ਵਾਲੀ ਹੈ।

**ਅਰੁ ਨਿਜ ਬਾਨੀ ਮੈਂ ਗੁਰੂ, ਇਹੋ ਵਰਨਿਓ ਬੀਰ।**
**ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ। ੩।**

1. ਅਤੇ ਆਪਣੀ ਬਾਣੀ ਸ਼ਸਤ੍ਰ ਨਾਮ ਮਾਲਾ ਵਿਚ ਵੀ ਇਸ ਤਰ੍ਹਾਂ ਹੀ ਵਰਣਨ ਕੀਤਾ ਹੈ।

**ਅਸਿ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ॥**
**ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ॥ ੩॥ (ਦਸਮ)**

2. ਭਾਵ: ਕਿ ਕ੍ਰਿਪਾਨ ਸਾਡੀ ਪੀਰ (ਗੁਰੂ) ਹੈ।

**ਅਕਾਲ ਉਸਤਤਿ ਅਰੁ ਜਾਪੁ ਜੀ, ਵਿਚ ਹੈ ਇਸ਼ਟ ਅਕਾਲ।**
**ਗੁਰੂ ਰੂਪ ਗ੍ਰੰਥ ਕੋ, ਵਰਨਿਓ ਪੁਨਾ ਬਿਸਾਲ। ੪।**

1. ਅਕਾਲ ਉਸਤਤਿ ਅਤੇ ਜਾਪੁ ਸਾਹਿਬ ਵਿਚ ਅਕਾਲ ਪੁਰਖ ਨੂੰ ਇਸ਼ਟ ਮੰਨਿਆ ਹੈ।

2. ਫਿਰ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇਸ਼ਟ (ਗੁਰੂ) ਕਿਉਂ **ਵਰਨਿਓ** = ਕਿਹਾ ਹੈ।

**ਇਸ਼ਟ ਪੂਜਜ ਉਪਾਸ ਇਹੁ, ਵਰਨੇ ਗੁਰ ਤੀਨ।**
**ਇਨਕਾ ਉਤਰ ਦੈ ਅਬੈ, ਆਗੇ ਚਲੋ ਪਰਬੀਨ। ੫।**

1. ਗੁਰੂ ਸਾਹਿਬ ਨੇ ਖਾਲਸੇ ਦੇ ਤਿੰਨ **ਪੂਜਜ** = ਪੂਜਨੀਕ ਅਤੇ **ਉਪਾਸ** = ਉਪਾਸਨਾ ਕਰਨੇ ਯੋਗ ਇਸ਼ਟ ਕਿਉਂ ਕਹੇ ਹਨ।

2. ਡਾ. ਮਰੀ ਕਪਤਾਨ ਨੇ ਭਾਈ ਰਤਨ ਸਿੰਘ ਜੀ ਭੰਗੂ ਨੂੰ ਕਿਹਾ ਕਿ ਇਹਨਾਂ ਗੱਲਾਂ **ਅਬੈ** = ਹੁਣ ਉੱਤਰ ਦਿਓ ਅਤੇ **ਪਰਬੀਨ** = ਹੇ ਸਿਆਣੇ ਫਿਰ ਅੱਗੇ ਕਥਾ ਸੁਣਾਉਂਦੇ ਚੱਲੋ।

**ਗੀਆ ਛੰਦ**

**ਅਬ ਲੇਹੁ ਉਤਰ ਏਹੁ ਪਿਆਰੇ, ਸਾਚ ਸ਼ਬਦ ਗੁਰ ਗਾਇਓ।**
**ਹੈ ਇਸ਼ਟ ਏਕ ਅਕਾਲ ਗੁਰ ਕਾ, ਸੋਊ ਸਿਖਨ ਦਿਢਾਇਓ।**

1. ਭਾਈ ਰਤਨ ਸਿੰਘ ਜੀ ਭੰਗੂ ਹੁਣ ਉੱਤਰ ਦਿੰਦੇ ਹਨ, ਕਿ ਪਿਆਰੇ

Scanned with CamScanner

ਮਰੀ ਸਾਹਿਬ **ਅਬ** = ਹੁਣ ਤੂੰ ਉੱਤਰ ਸੁਣ ਲੈ ਗੁਰਬਾਣੀ ਅੰਦਰ ਗੁਰਾਂ ਨੇ ਜੋ ਸੱਚੇ ਸ਼ਬਦ ਗਾਏ ਹਨ।

2. ਇਕ ਅਕਾਲ ਪੁਰਖ ਹੀ **ਗੁਰੂ ਕਾ** = ਗੁਰੂ ਕਿਆਂ ਦਾ ਭਾਵ ਖ਼ਾਲਸੇ ਦਾ ਇਸ਼ਟ ਹੈ, ਏਹੀ ਸਤਿਗੁਰੂ ਨੇ ਗੁਰਬਾਣੀ ਵਿਚ ਸਿੱਖਾਂ ਨੂੰ ਦ੍ਰਿੜ ਕਰਵਾਇਆ।

**ਤਜ ਏਕ ਪੁਰਖ ਅਕਾਲ ਕੋ, ਨਰ ਦੇਵ ਔਰੈਂ ਜੋ ਭਜੈ।**
**ਵਹਿ ਮੂਲ ਤੈ ਦਿਢ ਭੂਲ ਕੈ, ਦਲ ਫੂਲ ਸਾਖਾ ਕੋ ਜਜੈ।੬।**

1. ਜਿਹੜਾ ਗੁਰੂ ਕਾ ਸਿੱਖ ਹੋ ਕੇ ਇਕ ਅਕਾਲ ਪੁਰਖ ਨੂੰ ਛੱਡ ਕੇ ਹੋਰ ਕਿਸੇ ਦੇਵੀ ਦੇਵਤੇ ਨੂੰ **ਭਜੈ** = ਪੂਜਦਾ ਹੈ।

2. ਉਹ **ਦਿਢ** = ਪੱਕੇ ਮੂਲ (ਮੁੱਢ) ਨੂੰ ਭੁੱਲ ਕੇ **ਦਲ ਫੂਲ** = ਪੱਤੇ ਸ਼ਾਖਾ ਨੂੰ **ਜਜੈ** = ਪੂਜਦਾ ਜਾਣੋ।

**ਅਬ ਸੁਨੋ ਪ੍ਰਿਥਮ ਜਿਉ, ਗੁਰੂ ਕ੍ਰਿਪਾਨ ਇਸਟ ਉਚਾਰਿਓ।**
**ਜਿਸ ਹੇਤ ਗੁਰ ਕੇ ਸਿਖ, ਰਾਖਤ ਸੀਸ ਮੈ ਨਿਰਧਾਰਿਓ।**

1. ਹੁਣ ਤੁਸੀਂ ਸੁਣੋ ਕਿ ਗੁਰੂ ਸਾਹਿਬ ਨੇ **ਪ੍ਰਿਥਮ** = ਪਹਿਲੇ ਕ੍ਰਿਪਾਨ ਨੂੰ ਇਸ਼ਟ **ਜਿਉਂ** = ਜਿਵੇਂ ਕਿਹਾ ਹੈ।

2. ਜਿਸ ਕਰਕੇ ਗੁਰੂ ਕੇ ਸਿੱਖ ਕੇਸਾਂ ਵਿਚ ਕ੍ਰਿਪਾਨ ਨਿਰਧਾਰਿਓ (ਯਕੀਨਨ) ਰੱਖਦੇ ਹਨ।

ਨੋਟ– ਪੁਰਾਤਨ ਸਮੇਂ ਅੰਦਰ ਸਾਰੇ ਗੁਰਸਿੱਖ ਗਾਤਰੇ ਵੱਡੀ ਕ੍ਰਿਪਾਨ ਪਹਿਨਿਆ ਕਰਦੇ ਸਨ ਅਤੇ ਇਕ ਛੋਟੀ ਕ੍ਰਿਪਾਨ ਕੇਸਾਂ ਵਿਚ ਰੱਖਿਆ ਕਰਦੇ ਸਨ। ਕੇਸਾਂ ਵਿਚ ਕ੍ਰਿਪਾਨ ਰੱਖਣ ਦੀ ਮਰਯਾਦਾ ਸਤਿਗੁਰੂ ਜੀ ਦੇ ਸਮੇਂ ਤੋਂ ਚੱਲੀ ਹੈ। ਇਸ ਦੇ ਪ੍ਰਮਾਣ ਸਾਨੂੰ ਅੱਜ ਵੀ ਤਖ਼ਤਾਂ ਉੱਪਰ ਮਿਲਦੇ ਹਨ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਕੇਸਾਂ ਵਿਚ ਰੱਖਣ ਵਾਲੀ ਕ੍ਰਿਪਾਨ ਸੁਸ਼ੋਭਿਤ ਹੈ।

ਹੁਣ ਗਿਆਨੀ ਰਤਨ ਸਿੰਘ ਜੀ ਭੰਗੂ ਅੱਗੇ ਦੱਸਣਗੇ ਕਿ ਕ੍ਰਿਪਾਨ ਨੂੰ ਇਸ਼ਟ ਕਿਉਂ ਮੰਨਿਆ ਜਾਂਦਾ ਹੈ। ਕ੍ਰਿਪਾਨ ਨੂੰ ਇਸ਼ਟ ਮੰਨਣ ਦੀ ਕਥਾ ਅਤੇ ਪੂਜਾ ਕਰਨ ਦੀ ਕਥਾ ਆਦਿ ਕਾਲ ਤੋਂ ਹੀ ਆਰੰਭ ਹੈ। ਇਹ

Scanned with CamScanner

ਸਾਰਾ ਪ੍ਰਸੰਗ ਗਿਆਨੀ ਰਤਨ ਸਿੰਘ ਜੀ ਭੰਗੂ ਜਿਸ ਪ੍ਰਕਾਰ ਕਹਿ ਰਹੇ ਹਨ, ਉਸੇ ਪ੍ਰਕਾਰ ਗਿਆਨੀ ਗਿਆਨ ਸਿੰਘ ਜੀ ਲਿਖ ਰਹੇ ਹਨ। ਗਿਆਨੀ ਰਤਨ ਸਿੰਘ ਜੀ ਭੰਗੂ ਨੇ ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਕ੍ਰਿਪਾਨ ਨੂੰ ਇਸ਼ਟ ਕਹਿਣ ਬਾਰੇ ਕਿਤੇ-ਕਿਤੇ ਲਿਖਿਆ ਹੈ, ਜੋ ਸੰਖੇਪ ਸ਼ਬਦਾਂ ਵਿਚ ਹੈ। ਉਸ ਦਾ ਵਿਸਥਾਰ ਗਿਆਨੀ ਗਿਆਨ ਸਿੰਘ ਜੀ ਨੇ ਆਪਣੇ ਪੰਥ ਪ੍ਰਕਾਸ਼ ਵਿਚ ਕੀਤਾ ਹੈ।

**ਜਬ ਭਯੋ ਜਗਤ ਮੈਂ ਮਰੂ ਰਾਖਸ਼, ਦੈਂਤ ਅਤਿ ਬਲਵਾਨ ਹੈ।**
**ਉਨ ਦੂਖ ਜਗ ਕੋ ਅਤੀ ਦੀਨੋ, ਇੰਜ ਕੀਨ ਨਿਹਾਰ ਹੈ।੭।**

1. ਜਦੋਂ ਜਗਤ ਵਿਚ ਮਰੂ ਰਾਖਸ਼ ਵੱਡੇ ਬਲ ਵਾਲੇ ਪੈਦਾ ਹੋਏ।

2. ਉਨ੍ਹਾਂ ਨੇ **ਜਗ** = ਸ੍ਰਿਸ਼ਟੀ ਨੂੰ ਬਹੁਤ ਦੁੱਖ ਦਿੱਤਾ ਅਤੇ ਇਸ ਤਰ੍ਹਾਂ ਬ੍ਰਹਮੇ ਨੂੰ **ਨਿਹਾਰ** = ਦੇਖਣਾ ਕੀਤਾ।

ਕਲਗੀਧਰ ਜੀ ਨੇ ਇਹ ਕਥਾ ਬਚਿਤ੍ਰ ਨਾਟਕ ਵਿਚ ਇੰਜ ਕਹੀ ਹੈ।

**ਏਕ ਸਰਵਣ ਤੇ ਮੈਲ ਨਿਕਾਰਾ॥**
**ਤਾ ਤੇ ਮਧੁ ਕੀਟਭ ਤਨ ਧਾਰਾ॥**

**(ਬਚਿਤ੍ਰ ਨਾਟਕ)**

ਮਹਾਕਾਲ ਦੇ ਕੰਨ ਵਿਚੋਂ ਮੈਲ ਨਿਕਲਣ ਕਰਕੇ ਦੋ ਦੈਂਤ ਪੈਦਾ ਹੋਏ। ਕਾਲਿਕਾ ਪੁਰਾਣ ਵਿਚ ਲਿਖਿਆ ਹੈ ਕਿ ਇਕ ਸਮੇਂ ਵਿਸ਼ਨੂੰ ਜੀ ਸੁੱਤੇ ਪੈ ਸਨ ਕਿ ਉਨ੍ਹਾਂ ਦੇ ਕੰਨ ਵਿਚ ਮੈਲ ਨਿਕਲੀ ਜਿਸ ਤੋਂ ਦੋ ਦੈਂਤ ਪੈਦਾ ਹੋ ਗਏ। ਏਧਰ ਬ੍ਰਹਮਾ ਜੀ ਸ੍ਰਿਸ਼ਟੀ ਦੀ ਰਚਨਾ ਕਰ ਰਹੇ ਸਨ। ਚਾਰੋਂ ਪਾਸੇ ਪਾਣੀ ਹੀ ਪਾਣੀ ਸੀ, ਇਨ੍ਹਾਂ ਦੈਂਤਾਂ ਦੀ ਨਿਗ੍ਹਾ ਕਮਲ ਦੇ ਫੁੱਲ ਉਪਰ ਬੈਠੇ ਬ੍ਰਹਮਾ 'ਤੇ ਪਈ। ਇਹ ਦੋਨੋਂ ਦੈਂਤ ਬ੍ਰਹਮਾ ਨੂੰ ਖਾਣ ਲਈ ਪੈ ਗਏ। ਅੱਗੋਂ ਬ੍ਰਹਮਾ ਜੀ ਨੇ ਆਖਿਆ ਕਿ ਪ੍ਰਮਾਤਮਾ ਨੇ ਮੈਨੂੰ ਸ੍ਰਿਸਟੀ ਸਾਜਣ ਲਈ ਬਣਾਇਆ ਹੈ। ਮੈਂ ਵਿਧਾਤਾ ਹਾਂ, ਤਾਂ ਇਹਨਾਂ ਦੈਂਤਾਂ ਨੇ ਬ੍ਰਹਮਾ ਨੂੰ ਕਿਹਾ ਕਿ ਅਸੀਂ ਨਹੀਂ ਤੈਨੂੰ ਜਾਣਦੇ, ਵਿਧਾਤੇ ਤਾਂ ਅਸੀਂ ਹਾਂ ਤਾਂ ਬ੍ਰਹਮਾ ਨੇ ਭੱਜ ਕੇ ਆਪਣੀ ਜਾਨ ਬਚਾਈ। ਬ੍ਰਹਮਾ ਹਿਮਾਲਿਆ ਉਪਰ

ਪਹੁੰਚ ਗਿਆ। ਹਿਮਾਲਿਆ ਤੋਂ ਭਾਵ ਜਿਥੇ ਪਾਣੀ ਵੱਡੇ ਢੇਲਿਆਂ ਦੇ ਰੂਪ ਵਿਚ ਜੰਮਿਆ ਹੋਇਆ ਸੀ।

ਬ੍ਰਹਮਾ ਜੀ ਦੇ ਭੱਜ ਜਾਣ ਤੋਂ ਬਾਅਦ ਇਨ੍ਹਾਂ ਦੈਂਤਾਂ ਨੇ ਵਿਸ਼ਨੂੰ ਜੀ ਨਾਲ ਜੰਗ ਕਰਨਾ ਆਰੰਭ ਕਰ ਦਿੱਤਾ। ਬਹੁਤ ਲੰਮਾ ਸਮਾਂ ਜੰਗ ਹੁੰਦਾ ਰਿਹਾ ਪਰ ਇਹ ਦੈਂਤ ਵਿਸ਼ਨੂੰ ਜੀ ਕੋਲੋਂ ਨਾ ਮਰੇ, ਅੰਤ ਨੂੰ ਵਿਸ਼ਨੂੰ ਜੀ ਨੇ ਇਕ ਜੁਗਤ ਰਚੀ, ਵਿਸ਼ਨੂੰ ਜੀ ਦੈਂਤਾਂ ਨੂੰ ਕਹਿਣ ਲੱਗੇ ਕਿ ਤੁਸੀਂ ਜਿੱਤੇ ਅਤੇ ਮੈਂ ਹਾਰਿਆ। ਇਹ ਗੱਲ ਸੁਣ ਕੇ ਦੋਨੋਂ ਦੈਂਤ ਬਹੁਤ ਖੁਸ਼ ਹੋਏ ਅਤੇ ਵਿਸ਼ਨੂੰ ਨੂੰ ਕਹਿਣ ਲੱਗੇ ਕਿ ਤੂੰ ਸਾਡੇ ਪਾਸੋਂ ਕੁਝ ਮੰਗ ਲੈ, ਵਿਸ਼ਨੂੰ ਜੀ ਨੇ ਚਲਾਕੀ ਨਾਲ ਕਿਹਾ ਕਿ ਮੈਨੂੰ ਤੁਸੀਂ ਆਪਣੇ ਸਿਰ ਬਖ਼ਸ਼ਿਸ਼ ਰੂਪ ਵਿਚ ਦੇ ਦਿਉ। ਮਧੂ ਅਤੇ ਕੈਟਭ ਨੇ ਇਹ ਗੱਲ ਸੁਣੀ ਅਤੇ ਵਿਸ਼ਨੂੰ ਨੂੰ ਕਹਿਣ ਲੱਗੇ ਕਿ ਸਾਨੂੰ ਪਾਣੀ ਉਪਰ ਕੋਈ ਮਾਰ ਨਹੀਂ ਸਕਦਾ ਕਿਉਂਕਿ ਪਾਣੀ ਸਾਡਾ ਜੀਵਨ ਹੈ। ਜੇਕਰ ਸਾਨੂੰ ਮਾਰਨਾ ਹੈ ਤਾਂ ਸਾਨੂੰ ਮਰੂ ਥਾਂ 'ਤੇ ਲੈ ਚਲੋ। ਵਿਸ਼ਨੂੰ ਜੀ ਅਤੇ ਦੋਨੋਂ ਦੈਂਤ ਉਸ ਥਾਂ ਚਲੇ ਗਏ, ਜਿਥੇ ਪਾਣੀ ਜੰਮਿਆ ਸੀ। ਉਥੇ ਹੀ ਬ੍ਰਹਮਾ ਜੀ ਹਵਨ ਕਰ ਰਹੇ ਸਨ। ਬ੍ਰਹਮਾ ਜੀ ਦੇ ਹਵਨ ਸੰਪੂਰਨ ਹੋਣ 'ਤੇ ਪ੍ਰਮਾਤਮਾ ਨੇ ਆਪਣੇ ਆਪ ਨੂੰ ਹਵਨ ਵਿਚੋਂ ਕ੍ਰਿਪਾਨ ਰੂਪ ਹੋ ਕੇ ਪ੍ਰਗਟ ਕੀਤਾ ਅਤੇ ਅਕਾਸ਼ ਬਾਣੀ ਹੋਈ ਕਿ ਹੇ ਬ੍ਰਹਮਾ! ਇਸ ਕ੍ਰਿਪਾਨ ਨੂੰ ਆਪਣੇ ਹੱਥ ਵਿਚ ਫੜ ਲੈ ਅਤੇ ਇਹ ਕ੍ਰਿਪਾਨ ਵਿਸ਼ਨੂੰ ਨੂੰ ਦੇਣੀ ਕਰ, ਤਾਂ ਇਸ ਕ੍ਰਿਪਾਨ ਨਾਲ ਦੈਂਤਾਂ ਦਾ ਨਾਸ਼ ਹੋਵੇਗਾ। ਬ੍ਰਹਮਾ ਜੀ ਨੇ ਕ੍ਰਿਪਾਨ ਨੂੰ ਹੱਥ ਵਿਚ ਫੜ ਲਿਆ ਅਤੇ ਇਹ ਕ੍ਰਿਪਾਨ ਵਿਸ਼ਨੂੰ ਜੀ ਨੂੰ ਦੇ ਦਿੱਤੀ, ਜਿਸ ਨਾਲ ਵਿਸ਼ਨੂੰ ਨੇ ਇਹਨਾਂ ਦੈਂਤਾਂ ਨੂੰ ਆਪਣੇ ਪੱਟਾਂ 'ਤੇ ਰੱਖ ਕੇ ਮਾਰ ਦਿੱਤਾ। ਵਿਸ਼ਨੂੰ ਨੇ ਹਿਮਾਲਿਆ 'ਤੇ ਇਨ੍ਹਾਂ ਦੈਂਤਾਂ ਨੂੰ ਆਪਣੇ ਪੱਟਾਂ 'ਤੇ ਰੱਖ ਕੇ ਇਨ੍ਹਾਂ ਦਾ ਮਰੂ = ਮਾਰੂਥਲ ਭਾਵ ਜਿੱਥੇ ਪਾਣੀ ਨਾ ਹੋਵੇ ਉਥੇ ਨਾਸ਼ ਕੀਤਾ ਤਾਂ ਇਨ੍ਹਾਂ ਦੈਂਤਾਂ ਦਾ ਨਾਮ ਮਰੂ ਰਾਖਸ਼ ਪਿਆ।

**ਬਲ ਲਾਇ ਹਾਰੇ ਦੇਵਤੇ ਜਬ, ਮਰਜੋ ਨਾ ਅਸੁਰੇਵ ਹੈ।**
**ਤਬ ਜਾਇ ਹਿਮਗਿਰ ਸਿਖਰ, ਬ੍ਰਹਮਾ ਸੰਗ ਰਿਖਿ ਮੁਨਿ ਦੇਵ ਹੈ।**

1. ਦੇਵਤੇ ਬਲ ਲਾ ਕੇ ਜਦ ਹਾਰ ਗਏ ਇਹ ਦੈਂਤ ਕਿਸੇ ਕੋਲੋਂ ਨਾ

ਮਰਿਆ।

2. ਤਾਂ ਬ੍ਰਹਮਾ ਜੀ **ਹਿਮਗਿਰ** = ਹਿਮਾਲਿਆ ਦੀ **ਸਿਖਰ** = ਚੋਟੀ ਤੇ ਰਿਸ਼ੀਆਂ ਦੇ ਸਮੇਤ ਚਲੇ ਗਏ।

**ਬਹੁ ਦਿਵਸ ਕੀਨੋ ਹਵਨ, ਪ੍ਰਗਟਿਓ ਖੜਗ ਰੂਪ ਮੁਰਾਰਿ ਹੈ।**
**ਦੁਤਿ ਕੋਟਿ ਦਾਮਨਿ ਭਾਨਸੀ, ਨਹਿ ਸਕਯੋ ਕੋਇ ਸੰਭਾਰ ਹੈ।੮।**

1. ਬਹੁਤ ਲੰਮਾ ਸਮਾਂ ਬ੍ਰਹਮੇ ਨੇ ਹਵਨ ਕੀਤਾ। ਤਾਂ ਅਕਾਲ ਪੁਰਖ **ਮੁਰਾਰ** = ਮੁਰ ਦੈਂਤਾਂ ਦਾ ਵੈਰੀ ਖੜਗ ਰੂਪ ਹੋ ਕੇ ਪ੍ਰਗਟ ਹੋਇਆ।

2. ਉਸ ਖੜਗ ਰੂਪ ਦੀ **ਦੁਤਿ** = ਸ਼ੋਭਾ ਕਰੋੜਾਂ **ਦਾਮਨਿ** = ਬਿਜਲੀਆਂ ਵਰਗੀ **ਭਾਨਸੀ** = ਪ੍ਰਤੀਤ ਹੁੰਦੀ ਸੀ, ਕੋਈ ਦੇਵਤਾ ਵੀ ਉਸ ਕ੍ਰਿਪਾਨ ਦੀ ਚਮਕ **ਸੰਭਾਲ** = ਝੱਲ ਨਾ ਸਕਿਆ।

**ਤਬ ਦੇਵ ਬਾਨੀ ਭਈ ਨਭ ਤੈ, ਅਹੋਂ ਅਜ ਗਹਿ ਲੀਜੀਏ।**
**ਇਸ ਸੰਗ ਮਰੂ ਕੋ ਮਾਰਕੈ, ਸਭ ਜਗਤ ਕੋ ਸੁਖ ਦੀਜੀਏ।**

1. ਤਾਂ ਅਕਾਸ਼ ਵਿਚੋਂ ਦੇਵਬਾਣੀ ਹੋਈ ਐ ਬ੍ਰਹਮਾ ਇਸ ਕ੍ਰਿਪਾਨ ਨੂੰ ਹੱਥ ਵਿਚ ਫੜ ਲਓ।

2. ਇਸ ਨਾਲ ਮਰੂ ਦੈਂਤ ਨੂੰ ਮਾਰ ਕੇ ਸੰਸਾਰ ਵਿਚ ਸੁੱਖ **ਦੀਜੀਏ** = ਦਿਉ।

**ਸੁਨ ਸੁਖ ਦਾਨੀ ਦੈਵਬਾਨੀ, ਖੜਗ ਬ੍ਰਹਮਾ ਜੀ ਲਯੋ।**
**ਪੜ੍ਹ ਮੰਤ੍ਰ ਕਵਚ ਬਤੀਸ ਨਾਮੰ, ਹਾਥ ਵਿਸ਼ਨੂੰ ਕੇ ਦਯੋ। ੯।**

1. ਸੁੱਖ ਦੇ ਦੇਣ ਵਾਲੀ ਬਾਣੀ ਨੂੰ ਸੁਣ ਕੇ ਬ੍ਰਹਮਾ ਜੀ ਨੇ ਖੜਗ ਨੂੰ ਆਪਣੇ ਹੱਥ ਵਿਚ ਲੈ ਲਿਆ।

2. ਬ੍ਰਹਮਾ ਜੀ ਨੇ ਫਿਰ ਕ੍ਰਿਪਾਨ ਦਾ ਕਵਚ ਬੱਤੀ ਨਾਮਾ ਵਾਲਾ ਪੜ੍ਹਿਆ ਅਤੇ ਫਿਰ ਕ੍ਰਿਪਾਨ ਵਿਸ਼ਨੂੰ ਨੂੰ ਦੇ ਦਿੱਤੀ।

**ਹਰਿ ਤਾਂਹਿ ਸੋ ਮਰੂ ਮਾਰ ਕੈ, ਮੁਰਾਰੀ ਜਗ ਬਿਦਤਾਇਓ।**
**ਫਿਰ ਤਾਂਹਿ ਸੋ ਬਿਧ ਤ੍ਰਿਪੁਰ ਕੋ, ਤ੍ਰਿਪੁਰਾਰੀ ਸ਼ਿਵ ਸਦਵਾਇਓ।**

1. ਵਿਸ਼ਨੂੰ ਨੇ ਉਸ ਕ੍ਰਿਪਾਨ ਨਾਲ ਮਰੂ ਦੈਂਤ ਨੂੰ ਮਾਰ ਕੇ ਜਗਤ ਵਿਚ ਮੁਰਾਰੀ ਕਹਾਇਆ ਭਾਵੇਂ ਕਿ ਕ੍ਰਿਸ਼ਨ ਜੀ ਦੇ ਮੁਰ ਦੈਂਤ ਨੂੰ ਮਾਰਨ ਕਰਕੇ

ਮੁਰਾਰੀ ਕਹਾਇਆ ਪਰ ਇਥੇ ਮੁਰ ਦੈਂਤਾਂ ਦਾ ਵੈਰੀ ਵਿਸ਼ਨੂੰ ਭਗਵਾਨ ਵਾਸਤੇ ਇਹ ਮੁਰਾਰੀ ਸ਼ਬਦ ਵਰਤਿਆ ਹੈ, ਫਿਰ ਉਸ ਕ੍ਰਿਪਾਨ ਨਾਲ ਤ੍ਰਿਪੁਰੀ ਦੈਂਤ ਨੂੰ ਮਾਰਕੇ ਸ਼ਿਵਜੀ ਵੀ ਜਗਤ ਵਿਚ ਤ੍ਰਿਪੁਰਾਰੀ ਸਦਵਾਇਆ।

ਮਹਾਂਭਾਰਤ ਵਿਚ ਕਥਾ ਆਉਂਦੀ ਹੈ ਕਿ ਇਕ ਤਾਰਕ ਨਾਮ ਦਾ ਦੈਂਤ ਹੋਇਆ ਹੈ, ਜਿਸ ਦੇ ਤਿੰਨ ਪੁੱਤਰ ਸਨ, ਇਹ ਬੜੇ ਭਾਰੀ ਬਲ ਵਾਲੇ ਸਨ, ਜੋ ਕਿਸੇ ਕੋਲੋਂ ਜੰਗ ਵਿਚ ਮਰਦੇ ਨਹੀਂ ਸਨ। ਇਨ੍ਹਾਂ ਦੈਂਤਾਂ ਨੂੰ ਮਾਰਨ ਲਈ ਸ਼ਿਵਜੀ ਨੇ ਇਹ ਕ੍ਰਿਪਾਨ ਵਿਸ਼ਨੂੰ ਕੋਲੋਂ ਲਈ ਅਤੇ ਇਨ੍ਹਾਂ ਦੈਂਤਾਂ ਨੂੰ ਮਾਰਿਆ ਅਤੇ ਇਨ੍ਹਾਂ ਦੀਆਂ ਬਣਾਈਆਂ ਤਿੰਨ ਪੁਰੀਆਂ ਨੂੰ ਢਾਹ ਦਿੱਤਾ ਜਿਸ ਕਰਕੇ ਸ਼ਿਵਜੀ ਨੂੰ ਤ੍ਰਿਪੁਰਾਰੀ ਕਿਹਾ ਜਾਂਦਾ ਹੈ।

**ਸਿਵ ਤ੍ਰਿਪੁਰ ਕੋ ਮਾਰ ਕੈ, ਦਈ ਮਰੀਚਹਿ ਹਾਥ।**
**ਤਿਸ ਤੇ ਇੰਦ੍ਰ ਲੈ ਹਤਯੋ, ਬ੍ਰਿਤਰਾਸੁਰ ਦਲ ਸਾਥ।੧੦।**

1. ਸ਼ਿਵਜੀ ਨੇ ਤਿੰਨਾਂ ਦੈਂਤਾਂ ਨੂੰ ਮਾਰ ਕੇ ਇਹ ਕ੍ਰਿਪਾਨ ਫਿਰ ਮਰੀਚ ਨੂੰ ਦੇ ਦਿੱਤੀ। ਬ੍ਰਹਮਾ ਦੇ ਜੋ ਸੱਤ ਪੁੱਤਰ ਸਨ, ਉਹਨਾਂ ਵਿਚੋਂ ਵੱਡੇ ਦਾ ਨਾਮ ਮਰੀਚ ਸੀ।

2. ਕੁਝ ਸਮੇਂ ਬਾਅਦ ਬਿਰਤਰਾਸੁਰ ਦੈਂਤ ਪੈਦਾ ਹੋਇਆ ਉਸ ਨੂੰ ਮਾਰਨ ਲਈ ਇੰਦਰ ਨੇ ਇਹ ਕ੍ਰਿਪਾਨ ਮਰੀਚ ਕੋਲੋਂ ਲੈ ਲਈ।

**ਫੇਰ ਦਿਗ ਜੋ ਢਿਗ ਰਹੀ, ਤਿਨੈ ਮਨੂ ਕੋ ਦੀਨ।**
**ਮਨੁ ਤੇ ਕ੍ਰਿਪਾਦ੍ਵੰਣ ਲੈ, ਕਰੇ ਅਸੁਰਗਨ ਛੀਨ।**

1. ਇੰਦਰ ਨੇ ਫਿਰ ਇਹ ਕ੍ਰਿਪਾਨ ਦਿਸ਼ਾਪਾਲ ਨੂੰ ਦੇ ਦਿੱਤੀ, ਉਸ ਕੋਲ ਇਹ ਕ੍ਰਿਪਾਨ ਕੁਝ ਸਮਾਂ ਰਹੀ ਅਤੇ ਦਿਸ਼ਾਪਾਲ ਨੇ ਅੱਗੇ ਫਿਰ ਇਹ ਕ੍ਰਿਪਾਨ ਬ੍ਰਹਮੇ ਦੇ ਪੁੱਤਰ ਮਨੂ ਨੂੰ ਦੇ ਦਿੱਤੀ।

2. ਅੱਗੇ ਦੁਆਪੁਰ ਯੁੱਗ ਵਿਚ (ਕ੍ਰਿਪਾ ਦੇ ਘਰ ਵਾਲੇ) ਦ੍ਵੰਣਚਾਰੀਏ ਨੇ ਕ੍ਰਿਪਾਨ ਮਨੂ ਕੋਲੋਂ ਲੈ ਲਈ ਅਤੇ ਦੈਂਤਾਂ ਨੂੰ ਮਾਰਨਾ ਕੀਤਾ।

**ਤਾਂਹੀ ਸੋ ਦੇਵੀ, ਹਤੇ ਸੁੰਭ ਨਿਸੁੰਭੇ ਆਦਿ।**
**ਸੋ ਕ੍ਰਿਪਾਨ ਗੁਰੁ ਕਰ ਆਈ, ਹਵਨ ਕਰਨ ਪਰਸ਼ਾਦ।੧੧।**

1. ਉਸੇ ਕ੍ਰਿਪਾਨ ਨਾਲ ਹੀ ਦੁਰਗਾ ਨੇ ਆਪਣੇ ਸਮੇਂ ਵਿਚ ਸੁੰਭ ਨਿਸੁੰਭ ਆਦਿਕ ਦੈਂਤਾਂ ਨੂੰ ਮਾਰਿਆ।

2. ਸੋ ਉਹੀ ਕ੍ਰਿਪਾਨ ਜਦੋਂ ਨੈਣਾ ਦੇਵੀ ਦੇ ਟਿੱਲੇ ਉਪਰ ਸਤਿਗੁਰਾਂ ਨੇ ਸਾਰੀ ਸਮੱਗਰੀ ਹਵਨ ਕੁੰਟ ਵਿਚ ਪਾ ਦਿੱਤੀ ਤਾਂ ਉਸ ਵਿਚੋਂ ਕ੍ਰਿਪਾਨ ਪ੍ਰਗਟ ਹੋਈ ਜੋ ਸਤਿਗੁਰਾਂ ਦੇ ਹੱਥ ਵਿਚ ਆ ਗਈ।

## ਬ੍ਰਹਮ ਕਵਚ

ਬ੍ਰਹਮ ਕਵਚ ਦਾ ਪਾਠ ਜਿਸ ਪ੍ਰਕਾਰ ਪੰਥ ਪ੍ਰਕਾਸ਼ ਵਿਚ ਲਿਖਿਆ ਮਿਲਦਾ ਹੈ। ਉਸੇ ਪ੍ਰਕਾਰ ਕੁਝ ਗੁਟਕਿਆਂ ਵਿਚ ਵੀ ਛਪਦਾ ਹੈ। ਸਰਬ ਲੋਹ ਪ੍ਰਕਾਸ਼ ਦੀ ਇਕ ਪੁਰਾਤਨ ਬੀੜ ਵਿਚ ਅਖੀਰ ਦੇ ਜਿਲਦ ਵਾਲੇ ਖਾਲੀ ਪਤਰਿਆ ਤੇ ਇਸ ਕਵਚ ਦਾ ਪਾਠ ਲਿਖਿਆ ਹੋਇਆ, ਉਦਾਸੀਨ ਮਹਾਤਮਾ ਸੁਆਮੀ ਬ੍ਰਹਮ ਦੇਵ ਜੀ ਨੇ ਦਰਸ਼ਨ ਕੀਤਾ ਸੀ ਅਤੇ ਉਸ ਦਾ ਉਤਾਰਾ ਕਰ ਲਿਆ ਜੋ ਅੱਗੇ ਤੋਂ ਅੱਗੇ ਸੱਚ ਖੰਡ ਸ੍ਰੀ ਹਜ਼ੂਰ ਸਾਹਿਬ ਦੇ ਸਾਬਕਾ ਹੈੱਡ ਗ੍ਰੰਥੀ ਗਿਆਨੀ ਹਰਦੀਪ ਸਿੰਘ ਜੀ ਨੂੰ ਪ੍ਰਾਪਤ ਹੋਇਆ। ਉਨ੍ਹਾਂ ਪਾਸੋਂ ਅਸੀਂ ਇਹ ਪਾਠ ਲੈ ਕੇ ਹੂ-ਬ-ਹੂ ਛਾਪਣ ਦਾ ਯਤਨ ਕੀਤਾ ਹੈ। ਪੁਰਾਤਨ ਹੱਥ ਲਿਖਤ ਪੋਥੀਆਂ ਵਿਚ ਵੀ ਇਹ ਪਾਠ ਇਸੇ ਪ੍ਰਕਾਰ ਹੀ ਲਿਖਿਆ ਮਿਲਦਾ ਹੈ। ਪਹਿਲੇ ਛਪੇ ਹੋਏ ਪਾਠ ਵਿਚ ਇਕ ਪੰਕਤੀ ਘੱਟ ਹੈ ਪਰ ਸਰਬਲੋਹ ਦੀ ਬੀੜ ਅਤੇ ਪੋਥੀਆਂ ਦੇ ਲਿਖੇ ਪਾਠ ਵਿਚ ਬਾਰਾਂ ਪੰਕਤੀਆਂ ਅਤੇ 6 ਛੰਦਾਂ ਦਾ ਇਹ ਪਾਠ ਮਿਲਦਾ ਹੈ।

ਮਹਾਨ ਕੋਸ਼ ਵਿਚ ਭਾਈ ਕਾਨ੍ਹ ਸਿੰਘ ਜੀ ਨਾਭਾ ਲਿਖਦੇ ਹਨ ਕਿ ਕਿਸੇ ਵੀ ਧਰਮ ਜਾਂ ਕੁਲ ਵਿਚ ਜਿਸ ਖਾਸ ਦੇਵਤੇ ਦੀ ਪੂਜਾ, ਉਪਾਸਨਾ ਕੀਤੀ ਜਾਵੇ, ਉਸ ਨੂੰ ਇਸ਼ਟਦੇਵ ਜਾਂ ਕੁਲਦੇਵ ਕਹਿੰਦੇ ਹਨ। ਜਿਵੇਂ ਸੂਰਜਬੰਸੀਆਂ ਦਾ ਇਸ਼ਟਦੇਵ ਸੂਰਜ, ਚੰਦ੍ਰਬੰਸੀਆਂ ਦਾ ਇਸ਼ਟਦੇਵ ਚੰਦਰਮਾ ਹੈ, ਤਿਵੇਂ ਸਿੱਖਾਂ ਦਾ ਇਸ਼ਟਦੇਵ ਅਕਾਲਪੁਰਖ, ਗੁਰੂ ਗ੍ਰੰਥ ਸਾਹਿਬ ਅਤੇ ਸਸਤ੍ਰ ਹਨ।

ਜੋ ਇਸ਼ਟ ਦੇਵ ਮੰਨਿਆ ਜਾਂਦਾ ਹੈ ਉਸ ਦਾ ਕਵਚ ਅਤੇ ਅਸਤੋਤ੍ਰ ਗਾਇਆ ਜਾਂਦਾ ਹੈ। ਕਵਚ ਦੀ ਮਰਯਾਦਾ ਹੈ ਕਿ ਕਵਚ ਵਿਚ 32 ਜਾਂ 108 ਨਾਮਾ ਨਾਲ ਇਸ਼ਟ ਦੇਵ ਦੀ ਉਸਤਤੀ ਕੀਤੀ ਜਾਂਦੀ ਹੈ। ਇਸ ਕਵਚ ਵਿਚ ਕ੍ਰਿਪਾਨ ਦੇ 32 ਨਾਮ ਲਿਖੇ ਹਨ, ਕਿਉਂਕਿ ਕ੍ਰਿਪਾਨ ਦੇ 32 ਵਾਰ ਹੁੰਦੇ ਹਨ। ਇਸ ਕਰਕੇ ਇਸ ਬਾਣੀ ਵਿਚ ਅਕਾਲ ਪੁਰਖ ਦੀ

Scanned with CamScanner

ਸ਼ਕਤੀ ਦੇ 32 ਨਾਮ ਲਿਖੇ ਹਨ।

## ਭਗਉਤੀ ਬ੍ਰਹਮ ਕਵਚ ਦੀ ਉਥਾਨਕਾ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬ੍ਰਹਮ ਕਵਚ ਅਤੇ ਭਗੌਤੀ ਅਸਤੋਤ੍ਰ ਦੀ ਬਾਣੀ ਦੀ ਰਚਨਾ ਫੱਗਣ ਦੇ ਮਹੀਨੇ ਸੰਮਤ 1752 ਵਿਚ ਕੀਤੀ। ਜਿਸ ਵੇਲੇ ਕੇਸ਼ਵ ਦਾਸ ਪੰਡਤ ਨੇ ਸਤਿਗੁਰਾਂ ਨੂੰ ਚੰਡੀ ਪ੍ਰਗਟ ਕਰਨ ਲਈ ਬੇਨਤੀ ਕੀਤੀ ਤਾਂ ਸਤਿਗੁਰਾਂ ਨੇ ਸਾਰੀ ਸਮੱਗਰੀ ਕੇਸ਼ਵ ਦਾਸ ਪੰਡਤ ਨੂੰ ਦੇ ਦਿੱਤੀ ਅਤੇ ਉਸ ਨੇ ਹਵਨ ਕਰਨਾ ਆਰੰਭ ਕਰ ਦਿੱਤਾ ਪਰ ਉਹ ਚੰਡੀ ਪ੍ਰਗਟ ਕਰਨ ਵਿਚ ਅਸਫ਼ਲ ਰਿਹਾ ਤਾਂ ਸਤਿਗੁਰਾਂ ਨੇ ਗੁਰਸਿੱਖਾਂ ਨੂੰ ਉਪਦੇਸ਼ ਦਿੱਤਾ ਕਿ ਅਸਲ ਚੰਡੀ ਅਕਾਲ ਪੁਰਖ ਦੀ ਸ਼ਕਤੀ ਹੈ ਜੋ ਸਭਨਾਂ ਨੂੰ ਸ਼ਕਤੀ (ਸਤਾ) ਦਿੰਦੀ ਹੈ। ਉਸ ਅਕਾਲ ਪੁਰਖ ਦੀ ਸ਼ਕਤੀ ਦੀ ਉਪਮਾ ਕਰਦੇ ਹੋਏ ਸਤਿਗੁਰਾਂ ਨੇ ਉਗ੍ਰਦੰਤੀ ਦਾ ਪਾਠ ਉਚਾਰਨ ਕੀਤਾ ਅਤੇ ਵਾਰ ਭਗਉਤੀ ਉਚਾਰਣ ਕੀਤੀ।

**ਦੋਹਰਾ॥**

**ਛੱਕੇ ਆਦਿਕ ਉਸਤਤੀ**
**ਬਰਨੀ ਤਬ ਗੁਰ ਜੋਇ।**
**ਲਿਖੀ ਦਸਮ ਗੁਰੂ ਗ੍ਰੰਥ ਮੈਂ**
**ਜਾਨਤ ਗੁਰੁਸਿਖ ਸੋਇ॥**

**(ਪੰਥ ਪ੍ਰਕਾਸ਼)**

ਇਤਨਾ ਉਪਦੇਸ਼ ਸਿੱਖਾਂ ਨੂੰ ਦੇਣ ਤੋਂ ਬਾਅਦ ਸਤਿਗੁਰਾਂ ਨੇ ਜੋ ਸਮੱਗਰੀ ਵਧੀ ਸੀ ਉਹ ਸਾਰੀ ਇਕੱਠੀ ਹੀ ਹਵਨ ਕੁੰਟ ਵਿਚ ਸੁੱਟ ਦਿੱਤੀ, ਜਿਸ ਵਿਚੋਂ ਇਕ ਖੜਗ ਪ੍ਰਗਟ ਹੋਈ, ਜਿਸ ਨੂੰ ਸਤਿਗੁਰਾਂ ਨੇ ਹੱਥ ਵਿਚ ਲੈ ਕੇ ਬ੍ਰਹਮ ਕਵਚ ਦਾ ਪਾਠ ਉਚਾਰਣ ਕੀਤਾ।

**ਪਾਧਰੀ ਛੰਦ।**

**ਬ੍ਰਹਮੰ ਸੁ ਕਵਚ ਆਦਿਕ ਸੁ ਪਾਠ।**
**ਦਿਨ ਰੈਣ ਠਾਟੰਤ ਠਾਟ।**
**ਸਤ ਸੈ ਕਥਾਨ ਕਥਤ ਕਥਾਨ।**

Scanned with CamScanner

### ਜੋ ਗੁਨੀ ਸੁੱਧ ਬੇਦਾ ਨਿਧਾਨ।

(ਗੁਰ ਬਿਲਾਸ ਪਾ. ੧੦)

ਕੁਝ ਵਿਦਵਾਨਾਂ ਦਾ ਇਹ ਵੀ ਵਿਚਾਰ ਹੈ ਕਿ ਸਤਿਗੁਰਾਂ ਆਪਣੇ ਮਿਆਨ ਵਿਚੋਂ ਕ੍ਰਿਪਾਨ ਕੱਢ ਕੇ ਇਹ ਕਵਚ ਉਚਾਰਣ ਕੀਤਾ। ਕੁਝ ਸੰਪ੍ਰਦਾ ਦੇ ਗਿਆਨੀ ਸਿੰਘਾਂ ਦਾ ਇਹ ਵੀ ਖਿਆਲ ਹੈ ਕਿ ਦੂਜੀ ਵਾਰ ਇਸ ਬਾਣੀ ਦਾ ਉਚਾਰਣ ਬਾਬਾ ਦੀਪ ਸਿੰਘ ਅਤੇ ਭਾਈ ਮਨੀ ਸਿੰਘ ਜੀ ਦੀ ਬੇਨਤੀ ਕਰਨ 'ਤੇ ਅਨੰਦਪੁਰ ਸਾਹਿਬ ਕੀਤਾ। ਸਿੰਘਾਂ ਨੇ ਬੇਨਤੀ ਕੀਤੀ ਸਤਿਗੁਰੂ ਜੀਓ ਜੰਗ ਵਿਚ ਤੁਰਕ ਕਲਮਾ ਪੜ੍ਹਦੇ ਹਨ, ਜਿਸ ਨਾਲ ਸ਼ਸ਼ਤ੍ਰਾਂ ਦੇ ਮੂੰਹ ਮੁੜ ਜਾਂਦੇ ਹਨ। ਆਪ ਜੀ ਕ੍ਰਿਪਾ ਕਰੋ, ਸਿੰਘਾਂ ਦੀ ਬੇਨਤੀ ਸੁਣ ਕੇ ਸਤਿਗੁਰੂ ਜੀ ਨੇ ਬ੍ਰਹਮ ਕਵਚ ਦੀ ਬਾਣੀ ਦਾ ਉਚਾਰਣ ਕੀਤਾ ਅਤੇ ਹੁਕਮ ਕੀਤਾ ਕਿ ਜੰਗ ਵਿਚ ਜਾਣ ਤੋਂ ਪਹਿਲਾਂ ਇਸ ਬਾਣੀ ਦਾ ਪਾਠ ਕਰੋ ਤੁਹਾਡੀ ਮੈਦਾਨੇ ਜੰਗ ਵਿਚ ਫਤੇ ਹੋਵੇਗੀ।

ਜੋ ਪਹਿਲਾ ਪ੍ਰਸੰਗ ਚਲਿਆ ਆ ਰਿਹਾ ਹੈ, ਉਸ ਦੀ ਕਥਾ ਵਿਚ ਹੀ ਗਿਆਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿਚ ਬ੍ਰਹਮ ਕਵਚ ਦਾ ਪਾਠ ਵੀ ਲਿਖਿਆ ਹੈ, ਜੋ ਪੁਰਾਤਨ ਹੱਥ ਲਿਖਤਾਂ ਅਨੁਸਾਰ ਸ਼ੁੱਧ ਕਰਕੇ ਛਾਪਣ ਦਾ ਯਤਨ ਕੀਤਾ ਹੈ।

### ੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ਹੈ॥

੧ੴ = ਜੋ ਅਦਵੈਤ ਸਰੂਪ ਹੈ ਅਤੇ ਸਭਨਾਂ ਦਾ ਪ੍ਰਕਾਸ਼ਕ ਹੈ। ਸ੍ਰੀ= ਸ਼੍ਰੋਮਣੀ ਵਾਹਿਗੁਰੂ ਜੀ ਦੀ ਸਦਾ ਹੀ ਫਤੇ ਹੈ।

### ਸ੍ਰੀ ਭਗਉਤੀ ਜੀ ਸਹਾਇ॥

ਸ੍ਰੋਮਣੀ ਸ਼ਕਤੀ (ਵਾਹਿਗੁਰੂ ਦੀ ਸ਼ਕਤੀ) ਦੀ ਸਹਾਇਤਾ ਹੋਵੇ। ਜੋ ਸਭਨਾਂ ਨੂੰ ਸਤਾ ਦੇ ਰਹੀ ਹੈ। ਵਾ ਸ੍ਰੀ ਸਾਹਿਬ ਦੀ ਸਹਾਇਤਾ ਹੋਵੇ।

ਭਾਗਉਤੁ = ਵਾਹਿਗੁਰੂ

ਭਗਉਤੀ = ਵਾਹਿਗੁਰੂ ਦੀ ਸ਼ਕਤੀ

### ਤਰ ਤਾਰਿ ਅਪਵਿਤ੍ਰ ਕਰਿ ਮਾਨੀਐ

Scanned with CamScanner

**ਜੈਸੇ ਕਾਗਰਾ ਕਰਤ ਬੀਚਾਰੰ॥**
**ਭਗਤਿ ਭਾਗਉਤੁ ਲਿਖੀਐ ਤਿਹ ਊਪਰ**
**ਪੂਜੀਐ ਕਰਿ ਨਮਸਕਾਰੰ॥੨॥**

**(ਗੁਰੂ ਗ੍ਰੰਥ ਸਾਹਿਬ ਜੀ)**

ਭਾਗਉਤੁ ਨਾਮ ਵਾਹਿਗੁਰੂ ਦਾ ਹੈ ਅਤੇ ਭਗਉਤੀ ਵਾਹਿਗੁਰੂ ਦੀ ਸ਼ਕਤੀ ਨੂੰ ਕਿਹਾ ਜਾਂਦਾ ਹੈ। ਵਾਹਿਗੁਰੂ ਦੀ ਸ਼ਕਤੀ ਨੂੰ ਵੇਦਾਂਤੀਆਂ ਨੇ ਚੇਤਨ ਸਤਾ ਵਾ ਮਾਇਆ ਕਿਹਾ ਹੈ ਭਗਤੀ ਵਾਲਿਆਂ ਨੇ ਜੋਤਿ ਸਰੂਪ ਮੰਨਿਆ ਹੈ ਅਤੇ ਉਸੇ ਸ਼ਕਤੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕ੍ਰਿਪਾਨ ਕਿਹਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਵਿਚ ਭਗਉਤੀ ਦੇ ਅਰਥ ਕ੍ਰਿਪਾਨ ਕੀਤੇ ਹਨ।

**ਲਈ ਭਗਉਤੀ ਦੁਰਗਸਾਹ ਵਰ ਜਾਗਣਿ ਭਾਰੀ॥**

**(ਦਸਮ)**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫੁਰਮਾਨ ਕਰਦੇ ਹਨ ਹੇ! ਕ੍ਰਿਪਾਨ ਸਾਨੂੰ ਤਿੰਨਾਂ ਕਾਲਾਂ ਵਿਚ ਤੇਰੀ ਸਹਾਇਤਾ ਹੋਵੇ।

**ਅਥ ਭਗਉਤੀ ਬ੍ਰਹਮ ਕਵਚ ਲਿਖ੍ਯਤੇ॥**

**ਅਥ** = ਹੁਣ, **ਭਗਉਤੀ** = ਕ੍ਰਿਪਾਨ

**ਅਰਥ** = ਜਿਵੇਂ ਬ੍ਰਹਮੇ ਨੇ ਕਵਚ ਉੱਚਾਰਨ ਕੀਤਾ ਸੀ, ਉਸੇ ਪ੍ਰਕਾਰ ਸਤਿਗੁਰੂ ਜੀ ਕ੍ਰਿਪਾਨ ਦਾ ਕਵਚ ਲਿਖਦੇ ਹਨ।

**ਪਾਤਿਸਾਹੀ ੧੦॥**

ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮੋਹਰ ਲਾ ਕੇ ਉਚਾਰ ਰਹੇ ਹਨ।

**ਖੜਗ ਖੰਡਾਅਸੀ ਅਰਿਗਰਿ, ਧਰਮਰੱਛਿ ਤੱਗਛੱੜ੍ਰੀ॥**
**ਬਿਸ੍ਵਪਾਲਿ ਭੂਪਾਲਪੱਛ, ਪਲ ਭੱਛ ਰਣਕੱਛਅੱਤ੍ਰੀ॥੧॥**

(1) **ਖੜਗ ਖੰਡਾਅਸੀ, (ਖੜਗ)** = ਧਨੁਰਵੇਦ ਵਿਚ ਲਿਖਿਆ ਹੈ ਕਿ ਜੋ ਚਾਰ ਉਂਗਲਾਂ ਚੌੜਾ ਅਤੇ ਪੰਜਾਹ ਉਂਗਲਾਂ ਲੰਬਾ ਹੋਵੇ, ਉਸ ਨੂੰ ਖੜਗ ਕਹਿੰਦੇ ਹਨ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਇਹ ਪੁਲਿੰਗ

Scanned with CamScanner

ਵਾਚਕ ਸ਼ਬਦ ਹੈ। ਖੜਗ ਦਾ ਅਰਥ ਖੰਡਾ ਹੀ ਹੈ। **ਅਸਿ** = ਅਸਿ ਸ਼ਬਦ ਸੰਸਕ੍ਰਿਤ ਦੇ ਅਸ ਧਾਤੂ ਤੋਂ ਬਣਿਆ ਹੈ, ਜਿਸ ਦਾ ਅਰਥ ਹੈ ਚਮਕਣਾ। ਭਾਵ ਕਿ ਜੋ ਖੜਗ ਖੰਡਾ = ਕੱਟਣ ਵਾਲਾ ਅਤੇ ਅਸਿ = ਚਮਕਣ ਵਾਲਾ ਹੋਵੇ, ਸੋ ਸਿੱਧ ਹੈ ਕਿ-ਖੜਗ, ਖੰਡਾ, ਅਸੀਂ ਇਕ ਹੀ ਨਾਮ ਹੈ। ਸਤਿਗੁਰੂ ਜੀ ਨੇ ਏਥੇ ਕਾਵਿ ਵਿਚ ਖੜਗ ਦਾ ਸ਼ਬਦ ਕੋਸ਼ ਲਿਖਿਆ ਹੈ।

(2) **ਅਰਿਗਰਿ**= ਦੁਸ਼ਮਣਾਂ ਨੂੰ ਮਾਰਨ ਵਾਲੀ (3) **ਧਰਮਰੱਛਿ**= ਧਰਮ ਦੀ ਰਾਖੀ ਕਰਨ ਵਾਲੀ। (4) **ਤੱਗਛੱਤ੍ਰੀ** = **ਤੱਗ** = ਜਨੇਊ, ਜਿਵੇਂ ਬ੍ਰਾਹਮਣ ਜਨੇਊ ਧਾਰਨ ਕਰਦੇ ਹਨ। ਇਸ ਤਰ੍ਹਾਂ ਹੇ ਕ੍ਰਿਪਾਨ ਤੂੰ ਛੱਤ੍ਰੀਆਂ ਦਾ ਜਨੇਊ ਹੈ। **ਇਸ਼ਟ ਤਗ ਛਤਰੀਨ ਕਾ, ਇਹੈ ਸਦਾ ਕ੍ਰਿਪਾਨ॥ (ਪੰਥ ਪ੍ਰਕਾਸ਼)** (5) **ਬਿਸ੍ਵਪਾਲਿ** = ਸੰਸਾਰ ਨੂੰ ਪਾਲਣ ਵਾਲੀ (6) **ਭੂਪਾਲਪੱਛ** = ਰਾਜਿਆਂ ਦਾ ਭਾਵ ਛਤ੍ਰੀਆਂ ਦਾ ਪੱਖ ਕਰਨ ਵਾਲੀ (7) **ਪਲ ਭੱਛ** = ਮਾਸ ਨੂੰ ਖਾਣ ਵਾਲੀ (8) **ਰਣਕੱਛਅੱਤ੍ਰੀ** = ਜੰਗ ਦੇ ਮੈਦਾਨ ਵਿਚ ਅਸਤ੍ਰਧਾਰੀ ਸੂਰਮਿਆਂ ਦੇ ਕਮਰਕੱਸੇ **ਕੱਛ** = ਸੱਜਣ ਵਾਲੀ।

**ਰਾਜਮੰਡਾ ਅਤਿਪ੍ਰਚੰਡਾ ਈਸੂਰੀ ਕਰਵਾਰਿ ਹੈਂ॥**
**ਸਕਤਿ ਬ੍ਰਹਮਨੀ ਬਿਸਨਵੀ ਭਵਾਨੀ ਤੂੰ ਤਰਵਾਰਿ ਹੈਂ॥੨॥**

(9) **ਰਾਜਮੰਡਾ** = ਰਾਜਿਆਂ ਨੂੰ ਸ਼ੋਭਾ ਦੇਣ ਵਾਲੀ (10) **ਅਤਿਪ੍ਰਚੰਡਾ** = ਬਹੁਤੇ ਤੇਜ ਪ੍ਰਤਾਪ ਵਾਲੀ (11) **ਈਸੂਰੀ** = **ਈਸਰ** = ਵਾਹਿਗੁਰੂ ਦੀ ਸ਼ਕਤੀ (12) **ਕਰਵਾਰਿ**= ਤਲਵਾਰ ਹੈ (ਜੋ ਨੌਂਹ ਵਾਂਗੂ ਤਿੱਖੀ ਤਲਵਾਰ ਹੋਵੇ, ਉਸ ਨੂੰ ਕਰਵਾਰ ਕਹੀਦਾ ਹੈ) (13) **ਸਕਤਿ** = ਤੂੰ ਹੀ ਵਾਹਿਗੁਰੂ ਦੀ ਸ਼ਕਤੀ ਹੈ ਜਾਂ ਤੂੰ ਹੀ ਦੁਰਗਾ ਰੂਪ ਹੈ। (14) **ਬ੍ਰਹਮਨੀ** = ਤੂੰ ਹੀ ਸਰਸਵਤੀ ਰੂਪ ਹੈ (15) **ਬਿਸਨਵੀ** = ਤੂੰ ਹੀ ਲਛਮੀ ਰੂਪ ਹੈ (16) **ਭਵਾਨੀ** = ਤੂੰ ਹੀ ਪਾਰਬਤੀ ਰੂਪ ਹੈ (17) **ਤਰਵਾਰਿ** = ਕ੍ਰਿਪਾਨ ਰੂਪ ਵੀ ਤੂੰ ਆਪ ਹੀ ਹੈ।

**ਨਿਤਜਿਯੋਤੀ ਮੁਕਤਿਦਾਇਕ ਧਾਰਾਧਰਕ੍ਰਿਪਾਨ ਹੈਂ॥**
**ਚੰਡਿਕਾ ਮ੍ਰਿਤੁ ਜਗਤ ਜਨਨੀ ਕਾਲਿਕਾ ਗੁਨਖਾਨਿ ਹੈਂ॥੩॥**

(18) **ਨਿਤਜਿਯੋਤੀ** = ਨਿਤ ਸਰੂਪ ਵਾਹਿਗੁਰੂ ਦੀ ਤੂੰ ਜੋਤਿ ਹੈ (19)

Scanned with CamScanner

**ਮੁਕਤਿਦਾਇਕ**= ਮੁਕਤੀ ਦੇਣ ਵਾਲੀ ਹੈ (20) **ਧਾਰਾਧਰਕ੍ਰਿਪਾਨ** = ਜੰਗ ਵਿਚ ਧਾੜ ਧਾੜ ਕੇ ਚਲਣ ਵਾਲੀ ਹੈ। (21) **ਚੰਡਿਕਾ** = ਚੰਡ ਦੈਂਤ ਨੂੰ ਮਾਰਨ ਵਾਲੀ ਚੰਡੀ ਦਾ ਰੂਪ ਵੀ ਤੂੰ ਹੀ ਹੈ। (22) **ਮ੍ਰਿਤੁਜਗਤਜਨਨੀ** = ਮੌਤ ਵਾਲੇ ਸੰਸਾਰ ਭਾਵ ਮਾਤ ਲੋਕ ਨੂੰ ਪੈਦਾ ਕਰਨ ਵਾਲੀ (23) **ਕਾਲਿਕਾ** = ਕਾਲੀ ਰੂਪ ਜਾਂ ਸੰਘਾਰ ਰੂਪ ਹੈ (24) **ਗੁਨਖਾਨਿ**= ਗੁਣਾਂ ਦੀ ਖਾਨ ਹੈ।

**ਅਕਾਲਜਿਯੋਤੀ ਨਿਹਕਲੰਕਾ ਮਹਾਬਲੀ ਧ੍ਰਿਤਮਾਨਿ ਹੈਂ॥**
**ਭਵਮਾਨਕਾ ਖਲਹਾਨਕਾ ਰੱਤਪਾਨਕਾ ਜਗਮਾਨਿ ਹੈਂ॥੪॥**

(25) **ਅਕਾਲਜਿਯੋਤੀ** = ਅਕਾਲ ਪੁਰਖੁ ਦੀ ਜੋਤਿ ਹੈ (26) **ਨਿਹਕਲੰਕਾ** = ਕਲੰਕਾ ਤੋਂ ਰਹਿਤ ਹੈ (27) **ਮਹਾਬਲੀ** = ਵੱਡੇ ਬਲ ਵਾਲੀ ਹੈ (28) **ਧ੍ਰਿਤਮਾਨਿ**= ਧੀਰਜ ਨੂੰ ਧਾਰਨ ਵਾਲੀ ਜਾਂ ਮੰਨਣ ਵਾਲੀ ਭਾਵ ਕਿ ਧੀਰਜ ਧਾਰੀਆਂ ਦੀ ਜੰਗ ਵਿਚ ਸਹਾਇਤਾ ਕਰਦੀ ਹੈ ਜਾਂ ਧੀਰਜਧਾਰੀ ਸੂਰਮਿਆਂ ਦੀ ਤੂੰ **ਮਾਨਿ** = ਮਾਣਯੋਗ ਹੈ। (29) **ਭਵਮਾਨਕਾ, ਭਵ**= ਪ੍ਰੇਮ, ਵਾਹਿਗੁਰੂ ਨੂੰ ਪ੍ਰੇਮ ਕਰਨ ਵਾਲਿਆਂ ਨੂੰ ਮਾਨ ਦਿੰਦੀ ਹੈ। (30) **ਖਲਹਾਨਕਾ**= ਮੂਰਖਾਂ ਨੂੰ ਖਤਮ ਕਰਨ ਵਾਲੀ ਹੈ (31) **ਰੱਤਪਾਨਕਾ** = ਜੰਗ ਵਿਚ ਖ਼ੂਨ ਪੀਣ ਵਾਲੀ ਹੈ। (32) **ਜਗਮਾਨਿ** = ਸੰਸਾਰ ਵਿਚ ਤੂੰ ਮਾਣਯੋਗ ਹੈ।

ਇਸ ਤੋਂ ਅਗੇ ਸਤਿਗੁਰੂ ਜੀ ਕਵਚ ਨੂੰ ਪੜ੍ਹਨ ਦਾ ਮਹਾਤਮ ਦੱਸਦੇ ਹਨ।

**ਇਹ ਕਵਚ ਬ੍ਰਹਮਾ ਕੋ ਬਤੀਸਾ ਪਢੈ ਜੋ ਨਿਤ ਛਤ੍ਰੀ॥**
**ਰਣਿ ਜੀਤ ਲਹੈ ਨ੍ਰਿਭੀਤ ਰਹਿ ਰਿਧਿ ਸਿਧਿ ਪਾਵੈ ਅੱਤ੍ਰੀ॥੫॥**

ਇਹ ਬੱਤੀ ਨਾਮਾਂ ਵਾਲਾ ਕਵਚ ਜੇ ਕੋਈ ਛਤ੍ਰੀ ਜਾਂ ਅਸਤ੍ਰਾਂ ਨੂੰ ਧਾਰਨ ਵਾਲਾ ਅੱਤ੍ਰੀ ਪੜ੍ਹੇਗਾ। ਉਹ ਜੰਗ ਵਿਚ ਨਿਡਰ ਰਹੇਗਾ ਅਤੇ ਜਿੱਤ ਪ੍ਰਾਪਤ ਕਰੇਗਾ ਅਤੇ ਰਿੱਧੀਆਂ-ਸਿੱਧੀਆਂ ਪਾਵੇਗਾ।

**ਲਹਿ ਬੇਦ ਭੇਦ ਜੋ ਪਢੈ ਬਿਪ੍ਰ ਬੈਸਜ ਧਨ ਸੁਖ ਸੰਪਤਾ॥**
**ਧਨ ਧਾਮ ਤਨ ਅਰੋਗ ਸੂਦਰ ਪਾਇ ਸੁਖ ਅਕੰਪਤਾ॥੬॥੧॥**

ਜੋ ਕੋਈ ਬ੍ਰਾਹਮਣ ਇਸ ਨੂੰ ਪੜ੍ਹੇਗਾ ਉਹ ਬੇਦਾਂ ਦੇ ਡੂੰਘੇ ਭੇਦ ਲਹਿ=

ਸਮਝ ਲਵੇਗਾ ਅਤੇ ਜੇਕਰ **ਬੈਸਜ** = ਬੈਸ ਪੜ੍ਹੇਗਾ ਤਾਂ ਉਹ ਸਾਰੇ ਸੁੱਖ ਅਤੇ ਧਨ ਸੰਪਤੀ ਪ੍ਰਾਪਤ ਕਰ ਲਵੇਗਾ।

ਸ਼ੂਦਰ ਦੇ ਘਰ ਵਿਚ ਧਨ ਵਧੇਗਾ ਅਤੇ ਉਹ ਅਰੋਗ ਹੋ ਜਾਵੇਗਾ ਅਤੇ ਅਡੋਲ ਸੁਖ ਪ੍ਰਾਪਤੀ ਕਰ ਲਵੇਗਾ।

ਨੋਟ-ਇਥੋਂ ਤੱਕ ਪਾਠ ਪੁਰਾਤਨ ਹੱਥ ਲਿਖਤਾਂ ਵਿਚ ਮਿਲਦਾ ਹੈ।

**ਦੋਹਰਾ॥**

**ਇਹ ਬੋਲਾ ਹਰਿਗੋਬਿੰਦ ਕਾ ਸੁਣੋ ਖਾਲਸਾ ਬੀਰ॥**
**ਫਤਿਹ ਪਾਉ ਮੈਦਾਨ ਮੈ ਪਕੜ ਹਾਥਿ ਸਮਸੀਰ॥੧॥**

ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਇਹ ਬੋਲ ਹਨ, ਜੋ ਮੈਦਾਨੇ ਜੰਗ ਵਿਚ ਸ਼ਮਸ਼ੀਰ ਨੂੰ ਹੱਥ ਵਿਚ ਫੜ ਕੇ ਜਾਂਦਾ ਹੈ, ਉਹ ਸਦਾ ਜਿੱਤ ਪ੍ਰਾਪਤ ਕਰਦਾ ਹੈ। ਇਸ ਲਈ ਹੱਥ ਵਿਚ ਕ੍ਰਿਪਾਨ ਫੜ ਕੇ ਸਦਾ ਹੀ ਮੈਦਾਨਿ ਜੰਗ ਵਿਚ ਫਤੇ ਪਾਉ।

**ਨੋਟ** - ਪੁਰਾਤਨ ਸਿੰਘ ਇਹ ਦੋਹਰਾ ਪੜ੍ਹ ਕੇ ਬ੍ਰਹਮ ਕਵਚ ਦੇ ਪਾਠ ਦਾ ਭੋਗ ਪਾਉਂਦੇ ਸਨ। ਇਹ ਦੋਹਰਾ ਇਕ ਪੁਰਾਤਨ ਹੱਥ ਲਿਖਤ ਪੋਥੀ ਵਿਚ ਮਿਲਦਾ ਹੈ।

ਸਨਾਤਨ ਮੱਤ ਅਨੁਸਾਰ ਮਨੁੱਖਾਂ ਨੂੰ ਚਾਰ ਵਰਣਾਂ ਵਿਚ ਵੰਡਿਆ ਹੈ। ਜੋ ਵਿੱਦਿਆ ਪੜ੍ਹਦਾ ਸੀ ਉਸ ਨੂੰ ਬ੍ਰਾਹਮਣ ਕਿਹਾ ਜਾਂਦਾ ਸੀ, ਜੋ ਜੰਗ ਕਰਦਾ ਸੀ ਉਸ ਨੂੰ ਛਤ੍ਰੀ ਕਿਹਾ ਜਾਂਦਾ ਸੀ, ਜੋ ਕਿਰਤ ਕਰਦਾ ਸੀ ਉਸ ਨੂੰ ਬੈਸ ਕਿਹਾ ਜਾਂਦਾ ਸੀ, ਜੋ ਸੇਵਾ ਕਰਦਾ ਸੀ ਉਸ ਨੂੰ ਸ਼ੂਦਰ ਕਿਹਾ ਜਾਂਦਾ ਸੀ। ਸਤਿਗੁਰਾਂ ਨੇ ਚੌਹਾਂ ਵਰਣਾਂ ਨੂੰ ਸਾਂਝਾ ਉਪਦੇਸ਼ ਬਖਸ਼ਿਆ ਹੈ।

**ਖਤ੍ਰੀ ਬ੍ਰਾਹਮਣ ਸੂਦ ਬੈਸ**
**ਉਪਦੇਸੁ ਚਹੁ ਵਰਨਾ ਕਉ ਸਾਝਾ॥**
**(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)**

ਇਸ ਤੋਂ ਅੱਗੇ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ।

**ਦੋਹਿਰਾ।**

**ਯਾ ਬਿਧਿ ਨਾਮ ਉਚਾਰ, ਬਿਧਿ ਪੁਨਾ ਕਹਜੋ ਪਰਯੋਗ।**

**ਪਾਠ ਸਵਾਲਖ ਹਵਨ ਕਰਿ, ਜੀਤ ਜੰਗ ਤਬ ਹੋਗ।੧੨।**

ਸਤਿਗੁਰ ਜੀ ਨੇ ਇਹ ੩੨ ਨਾਮ ਕ੍ਰਿਪਾਨ ਦੇ ਕਹਿ ਕੇ, ਫੇਰ ਬਿਧਿ ਪੂਰਵਕ ਇਸ ਦਾ ਪ੍ਰਯੋਗ ਕਹਯੋ -ਕਿਹਾ ਵਾ ਦੱਸਿਆ ਕਿ :-

ਜੰਗ ਜਾਣ ਤੋਂ ਪਹਿਲਾਂ ਹਵਨ ਸੰਜੁਗਤ ਭਾਵ ਹਵਨ (ਅੱਗ) ਵਿਚ ਧੂਪ ਪਾ ਕੇ ਜਿਹੜਾ ਸਵਾ ਲੱਖ ਪਾਠ ਕਰੇਗਾ ਤਾਂ ਉਸ ਨੂੰ ਜੰਗ ਵਿਚ ਫਤੇ ਪ੍ਰਾਪਤ ਹੋਵੇਗੀ।

## ਧੂਪ ਬਣਾਉਣ ਦੀ ਵਿਧੀ

(੧) ਬਦਾਮ (੨) ਸਾਉਗੀ (੩) ਛੁਹਾਰੇ (੪) ਇਲੈਚੀ ਛੋਟੀ (੫) ਲੌਂਗ (੬) ਸੰਧੂਰ (੭) ਮੁਸ਼ਕਕਾਫੂਰ (੮) ਸੁਪਾਰੀਆਂ (੯) ਲਾਲ ਚੰਦਨ (੧੦) ਸਫੈਦ ਚੰਦਨ (੧੧) ਕੇਸਰ (੧੨) ਕਸਤੂਰੀ (੧੩) ਮੁਥਰਾਂ (੧੪) ਕਾਲੀ ਛੜ (੧੫) ਇੰਦਰ ਜੌਂ (੧੬) ਦੇਸੀ ਜੌਂ (੧੭) ਤਿਲ (੧੮) ਗੁੱਗਲ (੧੯) ਭੋਜ ਪਤ੍ਰ (੨੦) ਖੰਡ (੨੧) ਘਿਓ (੨੨) ਗਰੀ ਖੋਪਾ।

ਸੱਚਖੰਡ ਸ੍ਰੀ ਹਜ਼ੂਰ ਸਾਹਿਬ ਮਾਤਾ ਸਾਹਿਬ ਕੌਰ ਜੀ ਦੇ ਤਪ ਅਸਥਾਨ ਵਾਲੇ ਬਾਬਾ ਮਿੱਤ ਸਿੰਘ ਜੀ ਇਸ ਪਾਠ ਦੀ ਮਰਯਾਦਾ ਇਸ ਪ੍ਰਕਾਰ ਦੱਸਦੇ ਸਨ ਕਿ ਜਦੋਂ ਵਿਸ਼ੇਸ਼ 41 ਦਿਨਾਂ ਦਾ ਜਾਪ ਕਰਨਾ ਹੈ।

1. ਉਸ ਸਮੇਂ ਰੋਜ 33 ਅਠੋਤ੍ਰੀ ਮਾਲਾ (108 ਮਣਕਿਆਂ ਵਾਲੀ) ਕਰਨੀਆਂ ਹਨ।

2. ਪਾਠ ਆਰੰਭ ਕਰਨ ਸਮੇਂ ਕੜਾਹ ਪ੍ਰਸਾਦਿ ਦੀ ਤੇਗ ਕਰਨੀ।

3. ਸੱਤ ਪ੍ਰਕਾਰ ਦੇ ਮੇਵੇ ਬਦਾਮ, ਅਖਰੋਟ ਮੇਵੇ ਆਦਿ ਬੰਨ ਕੇ ਰੱਖ ਲੈਣੇ।

4. ਜਿਸ ਸਿੰਘ ਨੇ ਇਹ ਮਰਯਾਦਾ ਨਾਲ ਪਾਠ ਕਰਨਾ ਉਸ ਨੇ ਆਪਣਾ ਆਸਣ ਨਿਰਮਲ ਰੱਖਣਾ।

5. ਕਿਸੇ ਨਾਲ ਕੋਈ ਲੜਾਈ ਝਗੜਾ ਨਹੀਂ ਕਰਨਾ।

6. ਬਾਣਾ ਜੰਗੀ ਰੱਖਣਾ, ਵੱਡੀ ਕ੍ਰਿਪਾਨ ਨੰਗੀ ਕੱਢ ਕੇ ਜਾਂ ਗਾਤਰੇ ਪਾ ਕੇ ਬੀਰ-ਆਸਣ ਹੋ ਪਾਠ ਕਰਨਾ।

Scanned with CamScanner

7. ਕਮਰਕੱਸਾ ਲਗਾਉਣਾ ਅਤੇ ਹਜ਼ੂਰੀਆ ਰੱਖਣਾ
8. ਬ੍ਰਹਮਚਰਜ ਰੱਖਣਾ
9. ਪਾਠ ਸ਼ੁਰੂ ਕਰਨ ਦਾ ਸਮਾਂ ਰੋਜ਼ਾਨਾ ਇਕ ਰੱਖਣਾ
10. ਦੇਸੀ ਘਿਓ ਦੀ ਜੋਤਿ ਜਗਾਉਣੀ
11. ਸ਼ਸਤ੍ਰਾਂ ਦਾ ਆਸਣ ਲਗਾਉਣਾ

ਸਮੱਗਰੀ ਤਿਆਰ ਕਰਕੇ ਧੂਪ ਜਗਾਉਣੀ 41ਵੇਂ ਦਿਨ ਭੋਗ ਪਾਉਣਾ ਅਤੇ ਭੋਗ 'ਤੇ ਕੜਾਹ ਪ੍ਰਸਾਦਿ ਤਿਆਰ ਕਰਨਾ ਅਤੇ ਇਕ ਆਸਣ ਤਿਆਰ ਕਰਨਾ, ਜਿਸ ਉਪਰ ਸਸਤ੍ਰਾਂ ਦਾ ਪ੍ਰਕਾਸ਼ ਹੋਵੇ। ਕਿਉਂਕਿ ਇਹ ਬਾਣੀ ਸਸਤ੍ਰਾਂ ਦਾ ਹੀ ਕਵਚ ਹੈ। ਸਤਿਗੁਰੂ ਸੱਚੇ ਪਾਤਸ਼ਾਹ ਸਸ਼ਤ੍ਰਾਂ ਨੂੰ ਪੀਰ ਕਹਿ ਕੇ ਸਤਿਕਾਰ ਦਿੰਦੇ ਸਨ।

**ਦੂਜੀ ਮਰਯਾਦਾ**-ਜੰਗੀ ਬਾਣਾ ਪਾ ਕੇ ਨਿਯਮ ਜੋ ਉਪਰ ਦੱਸੇ ਹਨ, ਉਹ ਸਾਰੇ ਰੱਖਣੇ ਅਤੇ ਬੀਰ ਆਸਣ ਹੋ ਕੇ ਹੱਥ ਵਿਚ ਵੱਡੀ ਕ੍ਰਿਪਾਨ ਫੜ ਕੇ ੩੨ ਪਾਠ ਬ੍ਰਹਮ ਕਵਚ ਦੇ ਕਰਨੇ ਅਤੇ ੧੧ ਪਾਠ ਭਗੌਤੀ ਅਸਤੋਤ੍ਰ ਦੇ ਕਰਨੇ। ਇਸ ਪ੍ਰਕਾਰ ੪੧ ਦਿਨਾਂ ਦਾ ਵਿਸ਼ੇਸ਼ ਜਾਪ ਕਰਨਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਦੋਂ ਤਖ਼ਤ ਸਜਦਾ ਸੀ ਤਾਂ ਇਕ ਪਲੰਗਾ ਸੱਚੇ ਪਾਤਸ਼ਾਹ ਲਈ ਅਤੇ ਦੂਜੇ ਪਲੰਗੇ ਉਪਰ ਸ਼ਸ਼ਤ੍ਰ ਸਜਾਏ ਜਾਂਦੇ ਸਨ। ਇਕ ਸਿੱਖ ਸਤਿਗੁਰਾਂ ਨੂੰ ਚੌਰ ਕਰਦਾ ਸੀ ਅਤੇ ਦੂਜਾ ਸਿੰਘ ਸ਼ਸ਼ਤ੍ਰਾਂ ਨੂੰ ਚੌਰ ਕਰਨ ਦੀ ਸੇਵਾ ਕਰਦਾ ਸੀ। ਅੱਜ ਉਸੇ ਮਰਯਾਦਾ ਅਨੁਸਾਰ ਸਾਰੇ ਤਖ਼ਤਾਂ ਉਪਰ ਸ਼ਸ਼ਤ੍ਰਾਂ ਦਾ ਪ੍ਰਕਾਸ਼ ਕੀਤਾ ਜਾਂਦਾ ਹੈ। ਇਤਿਹਾਸਕ ਗ੍ਰੰਥਾਂ ਵਿਚ ਇਹ ਪ੍ਰਸੰਗ ਆਉਂਦਾ ਹੈ ਕਿ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਟਕਪੂਰੇ ਗਏ ਤਾਂ ਉਥੇ ਸਤਿਗੁਰਾਂ ਦੇ ਆਸਣ ਲਗਾ ਕੇ ਸ਼ਸ਼ਤ੍ਰ ਸਜਾਏ ਇਕ ਸਿੰਘ ਸ਼ਸ਼ਤ੍ਰਾਂ ਉਪਰ ਚੌਰ ਦੀ ਸੇਵਾ ਕਰ ਰਿਹਾ ਸੀ ਅਤੇ ਇਕ ਸਿੰਘ ਸਤਿਗੁਰਾਂ 'ਤੇ ਚੌਰ ਕਰਦਾ ਪਿਆ ਸੀ। ਉਸ ਇਲਾਕੇ ਦਾ ਕਪੂਰਾ ਚੌਧਰੀ ਆਇਆ ਜਿਸ ਨੇ ਆਪਣੇ ਤੇੜ ਚਾਦਰ ਬੰਨੀ ਹੋਈ ਸੀ। ਜਿਸ ਨਾਲ ਗਰਦਾ (ਘੱਟਾ) ਉੱਡ ਕੇ ਸ਼ਸ਼ਤ੍ਰਾਂ ਉਪਰ ਪੈ ਰਿਹਾ ਸੀ। ਭਾਈ ਮਲਿਆਗਰ ਸਿੰਘ ਨੇ ਕਿਹਾ ਕਿ ਓ ਚੌਧਰੀ ਆਪਣੀ ਚਾਦਰ

Scanned with CamScanner

ਸਾਂਭ ਕੇ ਚੱਲ ਸ਼ਸ਼ਤ੍ਰਾਂ ਉਪਰ ਗਰਦਾ ਪੈ ਰਿਹਾ ਹੈ, ਇਹ ਖਾਲਸੇ ਦੇ ਪੀਰ ਹਨ। ਕਪੂਰੇ ਚੌਧਰੀ ਨੇ ਇਸ ਗੱਲ ਦਾ ਗੁੱਸਾ ਕੀਤਾ ਅਤੇ ਸਤਿਗੁਰਾਂ ਕੋਲ ਸ਼ਿਕਾਇਤ ਕੀਤੀ ਅਤੇ ਬੇਨਤੀ ਵੀ ਕੀਤੀ ਕਿ ਇਨ੍ਹਾਂ ਸ਼ਸ਼ਤ੍ਰਾਂ ਨੂੰ ਪਲੰਗੇ ਉਪਰ ਕਿਉਂ ਸਜਾਇਆ ਹੈ ਅਤੇ ਇਨ੍ਹਾਂ ਉਪਰ ਚੌਰ ਕਿਉਂ ਕੀਤਾ ਜਾ ਰਿਹਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਬਚਨ ਕੀਤਾ ਕਿ ਚੰਦੋਆ ਕਿਸ 'ਤੇ ਲੱਗਦਾ ਹੈ ਅਤੇ ਚੌਰ ਕਿਸ 'ਤੇ ਕੀਤਾ ਜਾਂਦਾ ਹੈ। ਕਪੂਰਾ ਚੌਧਰੀ ਕਹਿਣ ਲੱਗਾ ਕਿ ਮਹਾਰਾਜ ਇਹ ਤਾਂ ਗੁਰੂ ਪੀਰਾਂ ਤੇ ਕੀਤਾ ਜਾਂਦਾ ਹੈ। ਸਤਿਗੁਰੂ ਜੀ ਮੁਸਕਰਾ ਕੇ ਕਹਿਣ ਲੱਗੇ ਚੌਧਰੀ ਅਸੀਂ ਸਿੱਖਾਂ ਦੇ ਗੁਰੂ ਹਾਂ ਇਹ ਸ਼ਸ਼ਤ੍ਰ ਸਾਡੇ ਗੁਰੂ ਹਨ।

**ਅਸਿ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ॥**
**ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ॥ ੩॥**

**(ਦਸਮ)**

ਇਸ ਲਈ ਬਾਬਾ ਮਿੱਤ ਸਿੰਘ ਜੀ ਬ੍ਰਹਮ ਕਵਚ ਦਾ ਵਿਧੀਵਤ ਪਾਠ ਕਰਨ ਸਮੇਂ ਸ਼ਸ਼ਤ੍ਰਾਂ ਦਾ ਆਸਣ ਲਗਾਉਂਦੇ ਸਨ। ਸ਼ਸ਼ਤ੍ਰਾਂ ਦਾ ਰੋਜ਼ਾਨਾ ਪ੍ਰਕਾਸ਼ ਕਰਨਾ ਅਤੇ ਸੁਖ ਆਸਣ ਕਰਨਾ। ਕੋਲਿਆ ਉਪਰ ਸਮੱਗਰੀ ਵਾਲੀ ਧੂਪ ਪਾ ਕੇ ਸ਼ਸ਼ਤ੍ਰਾਂ ਦੀ ਪੂਜਾ ਕਰਨੀ। ਇਸ ਪ੍ਰਕਾਰ ਸਵਾ ਲੱਖ ਪਾਠ ਕਰਨ ਨਾਲ ਵੱਡੇ ਤੋਂ ਵੱਡਾ ਕੋਈ ਕੰਮ ਅੜਿਆ ਹੋਵੇ, ਉਸ ਵਿਚ ਸਫ਼ਲਤਾ ਪ੍ਰਾਪਤ ਹੁੰਦੀ ਹੈ। ਇਕ ਗੱਲ ਦਾ ਖਾਸ ਖਿਆਲ ਰੱਖਣਾ ਕਿ ਇਹ ਜੰਗੀ ਮਰਯਾਦਾ ਕੇਵਲ ਤਿਆਰ-ਬਰ-ਤਿਆਰ ਅੰਮ੍ਰਿਤਧਾਰੀ ਰਹਿਤਵਾਨ ਸਿੰਘ ਹੀ ਕਰ ਸਕਦੇ ਹਨ। ਖੁੱਲ੍ਹੇ ਪਹਿਰੇ ਵਿਚ ਰਹਿਣ ਵਾਲੇ ਸਿੰਘ ਜਾਂ ਆਮ ਵਿਅਕਤੀ ਇਹ ਮਰਯਾਦਾ ਨਾਲ ਪਾਠ ਨਾ ਕਰਨ। ਖੁੱਲ੍ਹੇ ਪਾਠ ਕਰਨ ਦੀ ਮਰਯਾਦਾ ਅੱਗੇ ਲਿਖੀ ਹੈ।

ਇਸ ਤੋਂ ਅੱਗੇ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ।

**ਜੇਤਿਕ ਭੂਪ ਅਵਤਾਰ, ਮੁਨਿ ਹੋਏ ਜਗਤ ਮਝਾਰ।**
**ਖੰਡਾ ਸਬ ਪੂਜਤ ਰਹੇ, ਜਾਨ ਰੂਪ ਕਰਤਾਰ। ੧੩।**

1. ਸੰਸਾਰ ਵਿਚ ਜਿੰਨੇ ਵੀ ਅਵਤਾਰ ਅਤੇ ਮੁਨੀਜਨ ਹੋਏ।

2. ਸਾਰੇ ਹੀ ਖੰਡੇ ਅਤੇ ਕ੍ਰਿਪਾਨ ਨੂੰ ਕਰਤਾਰ ਦਾ ਰੂਪ ਜਾਣ ਕੇ ਪੂਜਾ ਕਰਦੇ ਰਹੇ।

**ਰੂਪ ਅਨੂਪ ਅਕਾਲ ਕੋ, ਲਖ ਸਤਿਗੁਰ ਕ੍ਰਿਪਾਨ।**
**ਮਾਨਨ ਪੂਜਨ ਜੋਗ ਲਖ, ਕੀਨੋ ਪੀਰ ਬਖਾਨ। ੧੪।**

1. ਸਤਿਗੁਰਾਂ ਨੇ ਉਪਮਾ ਤੋਂ ਰਹਿਤ ਅਕਾਲ ਪੁਰਖ ਦਾ ਰੂਪ ਕ੍ਰਿਪਾਨ ਨੂੰ ਜਾਣ ਕੇ ਅਤੇ

2. ਕ੍ਰਿਪਾਨ, ਖੰਡੇ ਨੂੰ ਪੂਜਣੇ ਅਤੇ ਮੰਨਣੇ ਯੋਗ ਜਾਣ ਕੇ, ਸਤਿਗੁਰਾਂ ਨੇ ਬਾਣੀ ਵਿਚ ਇਨ੍ਹਾਂ ਨੂੰ ਪੀਰ ਕਿਹਾ ਹੈ। ਜਿਵੇਂ ਬਾਣੀ ਅਕਾਲ ਪੁਰਖ ਤੋਂ ਆਈ ਤਾਂ ਬਾਣੀ ਗੁਰੂ ਹੋ ਗਈ ਇਸੇ ਤਰ੍ਹਾਂ ਅਕਾਲ ਪੁਰਖ ਤੋਂ ਕ੍ਰਿਪਾਨ ਅਤੇ ਖੰਡਾ ਪੈਦਾ ਹੋਣ ਕਰਕੇ ਇਹ ਵੀ ਇਸ਼ਟ ਹੋ ਗਏ।

**ਸੁਖਦ ਵਸਤੁ ਸਭ ਇਸ਼ਟ ਹੈ, ਦੁਖਦ ਅਨਿਸਟ ਪਛਾਨ।**
**ਸੁਖਦ ਸਰਬ ਥਾਂ ਤੇਗ ਲਖ, ਮਹਿਮਾ ਕਰੀ ਬਖਾਨ। ੧੫।**

1. ਨੀਤੀ ਦਾ ਵਚਨ ਹੈ ਜੋ ਵਸਤੂ ਸੁਖ ਦੇਵੇ ਉਸਨੂੰ ਇਸ਼ਟ ਮੰਨਿਆ ਜਾਂਦਾ ਹੈ ਅਤੇ ਜੋ ਦੁਖ ਦੇਵੇ ਉਸ ਨੂੰ ਅਨਿਸ਼ਟ ਕਿਹਾ ਜਾਂਦਾ ਹੈ।

2. ਆਦਿ ਕਾਲ ਤੋਂ ਹੀ ਤੇਗ ਨਾਲ ਦੁਸ਼ਟਾਂ ਦਾ ਨਾਸ਼ ਹੁੰਦਾ ਰਿਹਾ ਅਤੇ ਸਭ ਸੰਸਾਰ ਨੂੰ ਸੁਖ ਮਿਲਦਾ ਰਿਹਾ ਜਿਸ ਕਰਕੇ ਸਤਿਗੁਰੂ ਜੀ ਨੇ ਸ਼ਸਤ੍ਰਾਂ ਦੀ ਬੇਅੰਤ ਮਹਿਮਾ ਕੀਤੀ ਹੈ।

ਇਸ ਤੋਂ ਅੱਗੇ ਗਿਆਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿਚ ਭਗੌਤੀ ਅਸਤੋਤ੍ਰ ਦਾ ਪਾਠ ਲਿਖਿਆ ਹੈ। ਪੰਥ ਪ੍ਰਕਾਸ਼ ਵਿਚ ਤਰ੍ਹਾਂ ਪਾਠ ਲਿਖਿਆ ਹੈ, ਉਸੇ ਪ੍ਰਕਾਰ ਕੁਝ ਗੁਟਕਿਆਂ ਵਿਚ ਇਹ ਪਾਠ ਛਪਦਾ ਹੈ। ਅਸੀਂ ਇਸ ਬਾਣੀ ਦੀ ਬਾਬਾ ਦੀਪ ਸਿੰਘ ਜੀ, ਬਾਬਾ ਸੁੱਖਾ ਸਿੰਘ ਜੀ ਅਤੇ ਹੋਰ ਹੱਥ ਲਿਖਤ ਪੋਥੀਆਂ ਤੋਂ ਸੁਧਾਈ ਕਰਕੇ ਹੂ-ਬ-ਹੂ ਛਾਪਣ ਦਾ ਯਤਨ ਕੀਤਾ ਹੈ।

## ਭਗੌਤੀ ਅਸਤੋਤ੍ਰ ਦੀ ਉਥਾਨਕਾ

ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਜਦੋਂ ਖ਼ਾਲਸਾ

Scanned with CamScanner

ਪੰਥ ਦੀ ਸਾਜਨਾ ਕਰਨੀ ਸੀ, ਉਸ ਤੋਂ ਪਹਿਲਾਂ ਸਿੱਖ ਸੰਗਤਾਂ ਨੂੰ ਵਿਸ਼ੇਸ਼ ਹੁਕਮ ਕੀਤੇ ਕਿ ਚੰਗੇ ਤੋਂ ਚੰਗੇ ਸ਼ਸਤ੍ਰ ਗੁਰੂ ਘਰ ਲੈ ਕੇ ਆਓ। ਸਿੱਖ ਸੰਗਤਾਂ ਚੰਗੇ ਤੋਂ ਚੰਗੇ ਸ਼ਸਤ੍ਰ ਲੈ ਕੇ ਗੁਰੂ ਘਰ ਆਉਣ ਲੱਗੀਆਂ। ਇਕ ਸਮੇਂ ਇਕ ਪੰਡਿਤ ਨੇ ਗੁਰੂ ਸਾਹਿਬ ਜੀ ਨੂੰ ਬੇਨਤੀ ਕੀਤੀ ਕਿ ਆਪ ਜੀ ਨੇ ਤਾਂ ਇਨ੍ਹਾਂ ਸ਼ਸਤ੍ਰਾਂ ਦੀ ਪੂਜਾ ਕਰਨੀ ਆਰੰਭ ਕਰ ਦਿੱਤੀ ਹੈ। ਪੁਰਾਤਨ ਸਮੇਂ ਵਿਚ ਲੋਕ ਚੰਡੀ ਦੇਵੀ ਦੀ ਪੂਜਾ ਕਰਿਆ ਕਰਦੇ ਸਨ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਖ਼ਾਲਸੇ ਦੇ ਲਈ ਕ੍ਰਿਪਾਨ ਹੀ ਆਦਿ ਸ਼ਕਤੀ ਅਤੇ ਚੰਡੀ ਦੇਵੀ ਹੈ। ਖ਼ਾਲਸੇ ਨੇ ਇਸ ਦੀ ਹੀ ਪੂਜਾ ਕਰਨੀ ਹੈ। ਪੰਡਿਤ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਕ੍ਰਿਪਾਨ ਦਾ ਕੋਈ ਅਸਤੋਤ੍ਰ ਸੁਣਾਓ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲੀ ਵਾਰ ਭਗੌਤੀ ਅਸਤੋਤ੍ਰ ਪਾਠ ਦਾ ਉਚਾਰਨ ਕੀਤਾ। ਦੂਜੀ ਵਾਰ ਨੈਣਾ ਦੇਵੀ ਦੇ ਟਿੱਲੇ ਉਪਰ ਅਤੇ ਤੀਜੀ ਵਾਰ ਬਾਬਾ ਦੀਪ ਸਿੰਘ ਜੀ ਨੂੰ ਭਗੌਤੀ ਅਸਤੋਤ੍ਰ ਪੜ੍ਹ ਕੇ ਸੁਣਾਇਆ।

ਜਦੋਂ ਬਾਬਾ ਦੀਪ ਸਿੰਘ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲ ਆਏ ਤਾਂ ਸਤਿਗੁਰਾਂ ਨੇ ਬਾਬਾ ਜੀ ਨੂੰ ਅੰਮ੍ਰਿਤਪਾਨ ਕਰਵਾਇਆ। ਬਾਬਾ ਜੀ ਗੁਰਬਾਣੀ ਦੀ ਸੰਥਿਆ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਪਾਸੋਂ ਕਰਨ ਲਾ ਦਿੱਤਾ। ਬਾਬਾ ਜੀ ਦੀ ਲਿਖਾਈ ਅਤੀ ਸੁੰਦਰ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ੩੨ ਲਿਖਾਰੀਆਂ ਨੂੰ ਗੁਰਬਾਣੀ ਦੀਆਂ ਪੋਥੀਆਂ ਲਿਖਣ ਦੀ ਸੇਵਾ ਲਾਈ ਹੋਈ ਸੀ। ਸਤਿਗੁਰਾਂ ਨੇ ਇਨ੍ਹਾਂ ਲਿਖਾਰੀਆਂ ਦਾ ਜਥੇਦਾਰ ਬਾਬਾ ਜੀ ਨੂੰ ਬਣਾਇਆ। ਗੁਰਬਾਣੀ ਦੀਆਂ ਪੋਥੀਆਂ ਜੋ ਲਿਖੀਆਂ ਜਾਂਦੀਆਂ ਸਨ ਇਹ ਪੋਥੀਆਂ ਹੋਲੇ ਮਹੱਲੇ ਅਤੇ ਵੈਸਾਖੀ 'ਤੇ ਆਈਆਂ ਸੰਗਤਾਂ ਵਿਚ ਵੰਡੀਆਂ ਜਾਂਦੀਆਂ ਸਨ। ਬਾਬਾ ਜੀ ਸ਼ਸ਼ਤ੍ਰ-ਵਿੱਦਿਆ ਦਾ ਬਹੁਤ ਭਾਰੀ ਸ਼ੌਂਕ ਰੱਖਦੇ ਸਨ। ਬਾਬਾ ਜੀ ਨੇ ਬਹੁਤ ਥੋੜ੍ਹੇ ਸਮੇਂ ਵਿਚ ਸ਼ਸ਼ਤ੍ਰ ਵਿੱਦਿਆ ਹਾਸਿਲ ਕਰ ਲਈ।

ਇਕ ਦਿਨ ਬਾਬਾ ਜੀ ਸ਼ਸ਼ਤ੍ਰ ਵਿੱਦਿਆ ਦਾ ਅਭਿਆਸ ਕਰ ਰਹੇ ਸਨ ਤਾਂ ਸਤਿਗੁਰਾਂ ਨੇ ਆ ਕੇ ਬਾਬਾ ਜੀ ਨੂੰ ਦੇਖਿਆ ਅਤੇ ਬਹੁਤ ਖੁਸ਼ ਹੋਏ। ਸਤਿਗੁਰਾਂ ਨੇ ਖੁਸ਼ੀ ਦੇ ਘਰ ਵਿਚ ਆ ਕੇ ਇਕ ਖੰਡਾ ਅਤੇ ਇਕ ਕ੍ਰਿਪਾਨ ਦੀ ਬਖ਼ਸ਼ਿਸ਼ ਬਾਬਾ ਜੀ ਨੂੰ ਕੀਤੀ ਅਤੇ ਜੋ ਸੰਮਤ 1752 ਫੱਗਣ ਦੇ

ਮਹੀਨੇ ਭਗੌਤੀ ਅਸਤੋਤ੍ਰ ਦੀ ਬਾਣੀ ਉਚਾਰੀ ਸੀ, ਉਹ ਗੁਰਬਾਣੀ ਦਾ ਪਾਠ ਬਾਬਾ ਜੀ ਨੂੰ ਸੁਣਾਇਆ ਅਤੇ ਹੁਕਮ ਕੀਤਾ ਕਿ ਤੁਸੀਂ ਇਸ ਬਾਣੀ ਦਾ ਪਾਠ ਰੋਜ਼ਾਨਾ ਨਿਤਨੇਮ ਨਾਲ ਕਰਨਾ ਹੈ। ਬਾਬਾ ਜੀ ਭਗਉਤੀ ਅਸਤੋਤ੍ਰ ਦੇ ਰੋਜ਼ਾਨਾ 11 ਪਾਠ ਕਰਦੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਦੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਭਾਈ ਮਨੀ ਸਿੰਘ ਪਾਸੋਂ ਲਿਖਵਾ ਰਹੇ ਸਨ ਤਾਂ ਬਾਬਾ ਜੀ ਕਲਮਾਂ ਘੜਨ ਦੀ ਸੇਵਾ ਅਤੇ ਸਿਆਹੀ ਬਣਾਉਣ ਦੀ ਸੇਵਾ ਕਰਦੇ ਰਹੇ। ਸਤਿਗੁਰਾਂ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਚਾਲਾ ਪਾਉਣ ਸਮੇਂ ਤਖ਼ਤ ਸਾਹਿਬ ਦੇ ਪਹਿਲੇ ਜਥੇਦਾਰ ਬਾਬਾ ਜੀ ਨੂੰ ਥਾਪਿਆ। ਦਮਦਮਾ ਸਾਹਿਬ ਤੋਂ ਹੀ ਅਰਥ ਪੜ੍ਹਾਉਣ ਦੀ ਸੰਪ੍ਰਦਾ ਚੱਲੀ ਜਿਸ ਦੇ ਪਹਿਲੇ ਮੁਖੀ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਅਤੇ ਬਾਬਾ ਦੀਪ ਸਿੰਘ ਜੀ ਸਨ। ਤਖ਼ਤ ਸ੍ਰੀ ਦਮਦਮਾ ਸਾਹਿਬ ਜੀ (ਤਲਵੰਡੀ ਸਾਬੋ) ਗੁਰੂ ਕੀ ਕਾਂਸ਼ੀ ਦੇ ਪਹਿਲੇ ਜਥੇਦਾਰ ਬਾਬਾ ਦੀਪ ਸਿੰਘ ਜੀ ਸਨ ਅਤੇ ਦੂਜੇ ਪਾਸੇ ਮਿਸਲ ਸ਼ਹੀਦਾਂ ਤਰੁਨਾ ਦਲ ਦੇ ਪਹਿਲੇ ਜਥੇਦਾਰ ਵੀ ਬਾਬਾ ਜੀ ਸਨ। ਤਖ਼ਤ ਸ੍ਰੀ ਦਮਦਮਾ ਸਾਹਿਬ ਬਾਬਾ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਸਰੂਪ ਗੁਰਮੁਖੀ ਵਿਚ ਅਤੇ 5 ਸਰੂਪ ਫਾਰਸੀ, ਅਰਬੀ, ਸੰਸਕ੍ਰਿਤ ਆਦਿ ਭਾਸ਼ਾ ਵਿਚ ਲਿਖੇ। ਜਿਥੇ ਬਾਬਾ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਲਿਖੇ ਉਥੇ ਨਾਲ ਹੀ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦਾ ਸਰੂਪ ਵੀ ਬਾਬਾ ਜੀ ਨੇ ਲਿਖਿਆ। ਇਹ ਸਰੂਪ ਬਾਬਾ ਜੀ ਨੇ ਸਤਿਗੁਰਾਂ ਦੇ ਪ੍ਰਕਾਸ਼ ਅਸਥਾਨ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਜੀ ਪਟਨਾ ਸਾਹਿਬ ਭੇਜਿਆ।

ਅੱਜਕੱਲ੍ਹ ਬਹੁਤ ਆਧੁਨਿਕ ਖੋਜ ਦਾ ਸਮਾਂ ਹੈ। ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਖੋਜੀ ਡਾਕਟਰਾਂ ਅਨੁਸਾਰ ਇਹ ਸਰੂਪ ਦੇ ਲਿਖਣ ਦਾ ਸਮਾਂ 1710 ਈ. ਤੋਂ 1730 ਈ. ਦੇ ਵਿਚਕਾਰ ਦਾ ਮੰਨਿਆ ਹੈ। ਵਿੱਦਿਆ ਮਾਰਤੰਡ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੇ ਗੁਰਬਾਣੀ ਪਾਠ ਦਰਸ਼ਨ ਵਿਚ ਇਸ ਸਰੂਪ ਨੂੰ ਬਾਬਾ ਦੀਪ ਸਿੰਘ ਜੀ ਦਾ ਸਰੂਪ ਲਿਖਿਆ ਹੈ। ਭਾਵੇਂ ਕਿ ਪਟਨਾ ਸਾਹਿਬ ਅਨੇਕਾਂ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਸਰੂਪ ਹਨ। ਪਰ ਇਨ੍ਹਾਂ ਸਰੂਪਾਂ ਵਿਚੋਂ ਦੋ ਸਰੂਪ ਤਖ਼ਤ ਸਾਹਿਬ ਉਪਰ

Scanned with CamScanner

ਸੁਸ਼ੋਭਿਤ ਹਨ। ਜਿਨ੍ਹਾਂ ਵਿਚ ਇਕ ਬਾਬਾ ਜੀ ਦਾ ਲਿਖਿਆ ਸਰੂਪ ਅਤੇ ਦੂਜਾ ਬਾਬਾ ਸੁੱਖਾ ਸਿੰਘ ਜੀ ਦਾ ਲਿਖਿਆ ਸਰੂਪ ਹੈ। ਬਾਬਾ ਜੀ ਦੇ ਲਿਖੇ ਸਰੂਪ ਨੂੰ ਉਥੇ ਦੀ ਸੰਗਤ ਬੜੇ ਬਾਬਾ ਜੀ ਕਹਿ ਕੇ ਸਤਿਕਾਰ ਦਿੰਦੀ ਹੈ। ਕਿਉਂਕਿ ਇਸ ਸਰੂਪ ਵਿਚ ਸਭ ਤੋਂ ਵੱਧ ਬਾਣੀ ਹੈ। ਇਸ ਸਰੂਪ ਵਿਚ ਜਿਥੇ ਜਰਾਸਿੰਧ ਦੇ ਯੁੱਧ ਦੀ ਕਥਾ ਆਰੰਭ ਹੁੰਦੀ ਹੈ। ਉਸ ਤੋਂ ਪਹਿਲਾਂ ਭਗੌਤੀ ਅਸਤੋਤ੍ਰ ਦੀ ਬਾਣੀ ਲਿਖੀ ਹੈ। ਬਾਬਾ ਜੀ ਦੇ ਲਿਖੇ ਸਰੂਪ ਵਿਚ ਇਸ ਬਾਣੀ ਦਾ ਮੰਗਲ ਇਸ ਪ੍ਰਕਾਰ ਹੈ।

**ਅਥ ਜੁਧ ਪ੍ਰਬੰਧ ਲਿਖਿਯਤੇ॥ ਤ੍ਵਪ੍ਰਸਾਦਿ॥**

**ੴ ਸ੍ਰੀ ਭਗਉਤੀ ਜੀ ਸਹਾਇ॥**

**ਭੁਜੰਗ ਪ੍ਰਯਾਤ ਛੰਦ॥**

**ਸ੍ਰੀ ਸਾਹਿਬ ਜੀ ਕੀ ਉਸਤਤਿ ਪਾਤਿਸਾਹੀ ੧੦॥**

ਕੁਝ ਹੱਥ ਲਿਖਤ ਪੋਥੀਆਂ ਵਿਚ ਇਸ ਦਾ ਮੰਗਲ **ੴ ਸ੍ਰੀ ਵਾਹਿਗੁਰੂ ਜੀ ਕੀ ਫਤੇ ਹੈ।** ਨਾਲ ਸ਼ੁਰੂ ਹੁੰਦਾ ਹੈ। ਇਸ ਗੁਰਬਾਣੀ ਨੂੰ ਪੜ੍ਹਨ ਦਾ ਬਹੁਤ ਭਾਰੀ ਮਹੱਤਵ ਹੈ। ਇਸ ਬਾਣੀ ਵਿਚ ਸਤਿਗੁਰੂ ਜੀ ਨੇ ਆਪਣੇ ਇਸ਼ਟ ਕ੍ਰਿਪਾਨ ਦੀ ਉਸਤਤਿ ਕੀਤੀ ਹੈ। ਨਿਹੰਗ ਸਿੰਘਾਂ ਵਿਚ ਇਕ ਬਾਬਾ ਗਿਆਨਾ ਸਿੰਘ ਜੀ ਹੋਏ ਹਨ। ਜੋ ਕਿ ਬਹੁਤ ਭਾਰੀ ਗਤਕਈ ਸਿੰਘ ਸਨ। ਉਹ ਦੱਸਦੇ ਹੁੰਦੇ ਸਨ ਕਿ ਗਤਕਾ ਸਿਖਣ ਸਮੇਂ ਇਸ ਪਾਵਨ ਬਾਣੀ ਦਾ ਘੱਟੋ-ਘੱਟ ਇਕ ਪਾਠ ਅਤੇ ਵੱਧ ਤੋਂ ਵੱਧ ਗਿਆਰਾਂ ਪਾਠ ਬੀਰ ਆਸਣ ਲਾ ਕੇ ਕਰਨੇ ਚਾਹੀਦੇ ਹਨ ਅਤੇ ਫਿਰ ਅਰਦਾਸਾ ਸੋਧਣਾ ਚਾਹੀਦਾ ਹੈ। ਜਿਸ ਨਾਲ ਸਤਿਗੁਰਾਂ ਦੀ ਭਾਰੀ ਬਖ਼ਸ਼ਿਸ਼ ਹੁੰਦੀ ਹੈ ਅਤੇ ਹਰੇਕ ਸਿੰਘ ਬਹੁਤ ਜਲਦੀ ਗਤਕਾ ਸਿੱਖ ਜਾਂਦਾ ਹੈ। ਬਾਬਾ ਗਿਆਨਾ ਸਿੰਘ ਜੀ ਇਹ ਵੀ ਦੱਸਿਆ ਕਰਦੇ ਸਨ ਕਿ ਇਹ ਬਾਣੀ ਸ਼ਸਤ੍ਰ ਵਿੱਦਿਆ ਦਾ ਮੂਲਮੰਤ੍ਰ ਹੈ। ਇਸ ਪਾਵਨ ਗੁਰਬਾਣੀ ਨੂੰ ਰੱਖਿਆ ਦੀ ਬਾਣੀ ਵੀ ਮੰਨਿਆ ਜਾਂਦਾ ਹੈ। ਅਨੇਕਾਂ ਗੁਰਸਿੱਖ ਇਸ ਬਾਣੀ ਦਾ ਪਾਠ ਰੋਜ਼ਾਨਾ ਕਰਦੇ ਹਨ।

**ਅਥ ਜੁਧ ਪ੍ਰਬੰਧ ਲਿਖਿਯਤੇ॥ ਤ੍ਵਪ੍ਰਸਾਦਿ॥**

ਹੇ! ਵਾਹਿਗੁਰੂ ਤੇਰੀ ਕ੍ਰਿਪਾ ਨਾਲ ਹੁਣ ਅਸੀਂ ਜੁਧ ਪ੍ਰਬੰਧ ਲਿਖਦੇ ਹਾਂ।

Scanned with CamScanner

## ੧ੴ ਸ੍ਰੀ ਵਾਹਿਗੁਰੂ ਜੀ ਕੀ ਫਤੇ ਹੈ॥

੧ੴ = ਅਦਵੈਤ ਸਰੂਪ ਵਾਹਿਗੁਰੂ ਜੋ ਸਭਨਾਂ ਦਾ ਪ੍ਰਕਾਸ਼ ਹੈ। ਉਸ ਸ਼੍ਰੋਮਣੀ ਵਾਹਿਗੁਰੂ ਜੀ ਦੀ ਸਦਾ ਫਤੇ ਹੈ।

## ਸ੍ਰੀ ਭਗਉਤੀ ਜੀ ਸਹਾਇ॥

ਸ਼੍ਰੋਮਣੀ ਸ਼ਕਤੀ (ਵਾਹਿਗੁਰੂ ਦੀ ਸ਼ਕਤੀ) ਦੀ ਸਹਾਇਤਾ ਹੋਵੇ। ਜੋ ਸਭਨਾਂ ਨੂੰ ਸਤਾ ਦੇ ਰਹੀ ਹੈ। ਵਾ ਸ੍ਰੀ ਸਾਹਿਬ ਦੀ ਸਹਾਇਤਾ ਹੋਵੇ।

**ਭਾਗਉਤੁ** = ਵਾਹਿਗੁਰੂ

**ਭਗਉਤੀ** = ਵਾਹਿਗੁਰੂ ਦੀ ਸ਼ਕਤੀ

**ਤਰ ਤਾਰਿ ਅਪਵਿਤ੍ਰ ਕਰਿ ਮਾਨੀਐ**
**ਜੈਸੇ ਕਾਗਰਾ ਕਰਤ ਬੀਚਾਰੰ॥**
**ਭਗਤਿ ਭਾਗਉਤੁ ਲਿਖੀਐ ਤਿਹ ਊਪਰ**
**ਪੂਜੀਐ ਕਰਿ ਨਮਸਕਾਰੰ॥੨॥**

**(ਗੁਰੂ ਗ੍ਰੰਥ ਸਾਹਿਬ ਜੀ)**

ਭਾਗਉਤੁ ਨਾਮ ਵਾਹਿਗੁਰੂ ਦਾ ਹੈ ਅਤੇ ਭਗਉਤੀ ਵਾਹਿਗੁਰੂ ਦੀ ਸ਼ਕਤੀ ਨੂੰ ਕਿਹਾ ਜਾਂਦਾ ਹੈ। ਵਾਹਿਗੁਰੂ ਦੀ ਸ਼ਕਤੀ ਨੂੰ ਵੇਦਾਂਤੀਆਂ ਨੇ ਚੇਤਨ ਸਤਾ ਵਾ ਮਾਇਆ ਕਿਹਾ ਹੈ ਭਗਤੀ ਵਾਲਿਆਂ ਨੇ ਜੋਤਿ ਸਰੂਪ ਮੰਨਿਆ ਹੈ ਅਤੇ ਉਸੇ ਸ਼ਕਤੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕ੍ਰਿਪਾਨ ਕਿਹਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਵਿਚ ਭਗਉਤੀ ਦੇ ਅਰਥ ਕ੍ਰਿਪਾਨ ਕੀਤੇ ਹਨ।

**ਲਈ ਭਗਉਤੀ ਦੁਰਗਸਾਹ ਵਰ ਜਾਗਣਿ ਭਾਰੀ॥**

**(ਦਸਮ)**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫੁਰਮਾਨ ਕਰਦੇ ਹਨ ਹੇ! ਕ੍ਰਿਪਾਨ ਸਾਨੂੰ ਤਿੰਨਾਂ ਕਾਲਾਂ ਵਿਚ ਤੇਰੀ ਸਹਾਇਤਾ ਹੋਵੇ।

## ਭੁਜੰਗ ਪ੍ਰਯਾਤ ਛੰਦ॥

ਜੋ ਸੱਪ ਦੀ ਚਾਲ ਚੱਲਣ ਵਾਲਾ ਛੰਦ ਹੈ।

## ਸ੍ਰੀ ਸਾਹਿਬ ਜੀ ਕੀ ਉਸਤਤਿ ਪਾਤਿਸਾਹੀ ੧੦॥

Scanned with CamScanner

ਦਸਵੇਂ ਪਾਤਸ਼ਾਹ ਕ੍ਰਿਪਾਨ ਦੀ ਉਸਤਤਿ ਲਿਖਦੇ ਹਨ।

**ਨਮੋ ਸ੍ਰੀ ਭਗਉਤੀ ਬਢੈਲੀ ਸਰੋਹੀ॥**
**ਕਰੈ ਏਕ ਤੇ ਦ੍ਵੈ ਸੁਭਟ ਹਾਥ ਸੋਹੀ॥**
**ਮਹਾਲੋਹ ਕੀ ਪੁਤ੍ਰਿਕਾ ਝਲਹਲੰਤੀ॥**
**ਨਮੋ ਜੋਗ ਜ੍ਵਾਲਾਮੁਖੀ ਜਿਯੋ ਬਲੰਤੀ॥੧॥ ਰਹਾਉ॥**

**ਪਦ ਅਰਥ** =

**ਬਢੈਲੀ** = ਵੱਢਣ ਵਾਲੀ। **ਸਰੋਹੀ** = ਫੌਲਾਦੀ ਲੋਹਾ। **ਸੁਭਟ** = ਸੂਰਮਾ। **ਝਲਹਲੰਤੀ** = ਝਿਲਮਿਲ। **ਜੋਗ** = ਤਾਂਈ।

**ਅਰਥ** =

1. ਫੌਲਾਦੀ ਲੋਹੇ ਦੀ ਬਣੀ ਵੈਰੀਆਂ ਨੂੰ ਵੱਢਣ ਵਾਲੀ ਕ੍ਰਿਪਾਨ ਤੈਨੂੰ ਨਮਸਕਾਰ ਹੈ।

2. ਤੂੰ ਸੂਰਮੇ ਦੇ ਹੱਥ ਵਿਚ ਸ਼ੋਭਾ ਦਿੰਦੀ ਹੈ ਅਤੇ ਦੁਸ਼ਮਣ ਨੂੰ ਵੱਢ ਕੇ ਇਕ ਤੋਂ ਦੋ ਟੋਟੇ ਕਰ ਦਿੰਦੀ ਹੈ।

3. ਉਤਮ ਲੋਹੇ ਦੀ ਅਥਵਾ ਸਰਬਲੋਹੇ ਦੀ ਤੂੰ ਪੁੱਤਰੀ ਹੈ ਅਤੇ ਜੰਗ ਦੇ ਮੈਦਾਨ ਵਿਚ ਤੂੰ ਝਿਲਮਿਲ-ਝਿਲਮਿਲ ਕਰਦੀ ਹੈ।

4. ਨਮਸਕਾਰ ਕਰਨ ਦੇ ਤੂੰ ਯੋਗ ਹੈ ਜਾਂ ਨਮਸਕਾਰ ਹੈ ਤੇਰੇ ਤਾਂਈ ਤੂੰ ਇੰਝ ਚਮਕਦੀ ਹੈ ਜਿਵੇਂ ਅਗਨੀ ਦੀ ਲਾਟ ਚਮਕਦੀ ਹੈ।

**ਰਹਾਉ** ਸਤਿਗੁਰੂ ਜੀ ਵਿਸ਼ਰਾਮ ਦੇ ਕੇ ਫੁਰਮਾਉਂਦੇ ਹਨ।

**ਮਹਾਪਾਨ ਕੀ ਭਾਨੁ ਗੰਗਾ ਤਰੰਗੀ॥**
**ਭਿਰੈ ਸਾਮੁਹੇ ਮੋਖਦਾਤੀ ਅਭੰਗੀ॥**
**ਨਮੋ ਤੇਗ ਤਰਵਾਰ ਸ੍ਰੀ ਖਗ ਖੰਡਾ॥**
**ਮਹਾਰੁਦ੍ਰ ਰੂਪਾ ਬਿਰੂਪਾ ਪ੍ਰਚੰਡਾ॥੨॥**

**ਪਦ ਅਰਥ** =

**ਮਹਾਪਾਨ** = ਬਲ ਵਾਲੇ ਹੱਥ, **ਭਾਨੁ** = ਸੂਰਜ, **ਖਗ** = ਖੜਗ, **ਰੁਦ੍ਰਰੂਪ** = ਡਰ ਵਾਲਾ ਰੂਪ। **ਮਹਾਰੁਦ੍ਰ** = ਧਰਮਰਾਜਾ, **ਬਿਰੂਪਾ** = ਧਰਮ ਰਾਜੇ ਦੀ ਘਰਵਾਲੀ।

Scanned with CamScanner

**ਅਰਥ** =

1. ਸੂਰਮੇ ਦੇ ਹੱਥਾਂ ਦਾ ਤੂੰ ਸੂਰਜ ਹੈ ਭਾਵ ਸੂਰਜ ਵਾਂਗ ਚਮਕਦੀ ਹੈ ਅਤੇ ਗੰਗਾ ਦੀਆਂ ਲਹਿਰਾਂ ਵਾਂਗ ਉੱਚਿਆਂ ਹੋ ਕੇ ਸੂਰਮਿਆਂ ਦੇ ਹੱਥਾਂ ਵਿਚ ਫੱਬਦੀ ਹੈ।

2. ਜੰਗ ਦੇ ਮੈਦਾਨ ਵਿਚ ਜੋ ਸਾਹਮਣੇ ਹੋ ਕੇ ਭਿੜਦੇ ਨੇ ਉਨ੍ਹਾਂ ਨੂੰ ਤੂੰ **ਅਭੰਗੀ** = ਨਾਸ਼ ਹੋਣ ਤੋਂ ਰਹਿਤ **ਮੋਖ** = ਮੁਕਤੀ ਦੇਣ ਵਾਲੀ ਹੈ।

3. ਤੇਗ, ਤਰਵਾਰ, ਸ੍ਰੀ ਖੜਗ ਅਤੇ ਖੰਡੇ ਨੂੰ ਨਮਸਕਾਰ ਹੈ।

4. ਜੰਗ ਵਿਚ ਵੱਡੇ ਪ੍ਰਤਾਪ ਨੂੰ ਧਾਰ ਕੇ ਦੁਸ਼ਮਣ ਨੂੰ ਡਰ ਦੇਣ ਵਾਲਾ ਭਿਆਨਕ ਰੂਪ ਦਿਖਾਉਂਦੀ ਹੈ। **ਅਥਵਾ** ਹੇ ਖੰਡੇ ਤੂੰ ਜੰਗ ਵਿਚ ਵੈਰੀਆਂ ਨੂੰ ਧਰਮਰਾਜ ਦਾ ਰੂਪ ਦਿਖਾਉਂਦਾ ਹੈ ਅਤੇ ਹੇ ਕ੍ਰਿਪਾਨ ਤੂੰ ਧਰਮਰਾਜੇ ਦੀ ਘਰਵਾਲੀ ਵਾਂਗ ਡਰਾਉਣੀ ਮੌਤ ਦਾ ਰੂਪ ਦਿਖਾਉਂਦੀ ਹੈ।

**ਮਹਾ ਤੇਜਧਾਰਾ ਦੁਖੰਡਾ ਦੁਧਾਰਾ॥**
**ਮਹਾ ਸਤ੍ਰਬਨ ਕੋ ਮਹਾਭੀਮ ਆਰਾ॥**
**ਮਹਾਕਾਲ ਕੀ ਕਾਲਿਕਾ ਕਾਲ ਕ੍ਰੁਧੰ॥**
**ਮਹਾ ਬਿਗ੍ਰਹੀ ਬੁਧਿ ਕੀ ਸਿਧਿ ਉਰਧੰ॥੩॥**

**ਪਦ ਅਰਥ** =

**ਸਤ੍ਰਬਨ** = ਦੁਸ਼ਮਣਾਂ ਦਾ ਜੰਗਲ ਭਾਵ ਸਮੂਹ। **ਭੀਮ** = ਡਰ। **ਬਿਗ੍ਰਹੀ** = ਜੰਗ। **ਉਰਧੰ** = ਉੱਚਾ। **ਸਿਧਿ** = ਸਿਧ ਕਰਨਾ ਭਾਵ ਜਿਤਣਾ।

**ਅਰਥ** =

1. ਵੱਡੀ ਤੇਜ ਧਾਰਾ ਵਾਲੀ ਅਤੇ ਖੰਡੇ ਰੂਪ ਵਿਚ ਦੋ ਧਾਰਾਂ ਨੂੰ ਧਾਰਨ ਵਾਲੀ ਹੈ।

2. ਸ਼ਤਰੂਆਂ ਦੇ ਵੱਡੇ ਜੰਗਲਾਂ (ਸਮੂਹ) ਵਿਚ ਤੂੰ ਬਹੁਤ ਭਿਆਨਕ ਆਰੇ ਦਾ ਰੂਪ ਧਾਰਦੀ ਹੈ।

3. ਤੂੰ ਮਹਾਕਾਲ ਦੀ **ਕਾਲਿਕਾ** = ਸੰਘਾਰ ਸ਼ਕਤੀ ਹੈ ਅਤੇ ਜੰਗ ਵਿਚ ਵੈਰੀ ਨੂੰ ਮੌਤ ਵਾਲਾ ਗੁੱਸਾ ਦਿਖਾਉਂਦੀ ਹੈ।

4. ਵੱਡੇ ਜੰਗ ਵਿਚ ਸੂਰਮੇ ਦੀ, ਅਸਾਂ ਨੇ ਜੰਗ **ਸਿਧਿ**– ਜਿਤ ਜਾਣਾ ਹੈ, ਐਸੀ ਬੁੱਧੀ ਨੂੰ ਉੱਚਾ ਕਰਨ ਵਾਲੀ ਹੈ। ਭਾਵ ਜੰਗ ਵਿਚ ਬੀਰਰਸ ਦੇਣ

Scanned with CamScanner

ਵਾਲੀ ਹੈ।

**ਮਹਾਪਾਤਿਨੀ ਤੂੰ ਪ੍ਰਲੈਕਾਲ ਕਰਤੀ॥**
**ਮਹਾਅਸਤ੍ਰ ਤੂੰ ਹੀ ਮਹਾਸਤ੍ਰ ਹਰਤੀ॥**
**ਮਹਾਕਾਟ ਕੀ ਲਾਟ ਬਿਕਰਾਲ ਭੀਮੰ॥**
**ਬਹੀ ਤਛ ਮੁਛੰ ਕਰੈ ਸਤ੍ਰ ਕੀਮੰ॥ ੪॥**

**ਮਹਾਕਾਟ** = ਬਹੁਤ ਡੂੰਘਾ ਭਾਵ ਸਮੁੰਦਰ। **ਬਿਕਰਾਲ** = ਭਿਆਨਕ। **ਤਛ ਮੁਛੰ** = ਕੱਟ ਵੱਢ ਕੇ ਅਥਵਾ ਪਹਿਲਾਂ ਛਾਂਗ ਕੇ ਫਿਰ ਮੋਛੇ ਪਾ ਕੇ। **ਕੀਮੰ** = ਮਾਸ ਦੇ ਟੁਕੜੇ।

1. ਤੂੰ ਵੈਰੀਆਂ ਦਾ ਪਤਨ ਕਰਨ ਵਾਲੀ ਹੈ ਅਤੇ ਜੰਗ ਵਿਚ **ਪ੍ਰਲੈਕਾਲ** = ਮੌਤ ਦਾ ਸਮਾਂ ਕਰਨ ਵਾਲੀ ਹੈ।

2. ਮਹਾ ਅਸਤ੍ਰ ਹੋ ਕੇ ਤੂੰ ਹੀ, ਵੱਡੇ ਦੁਸ਼ਮਣਾਂ ਨੂੰ ਮਾਰਦੀ ਹੈ।

3. ਤੂੰ ਹੀ ਸਮੁੰਦਰ ਦੀ ਜਵਾਲਾਮੁਖੀ ਲਾਟ ਹੋ ਕੇ ਜੰਗ ਦੇ ਮੈਦਾਨ ਵਿਚ ਦੁਸ਼ਮਣਾਂ ਨੂੰ ਭਿਆਨਕ ਡਰ ਦਿੰਦੀ ਹੈ।

4. ਜਦੋਂ ਜੰਗ ਦੇ ਮੈਦਾਨ ਵਿਚ ਤੂੰ ਚਲਦੀ ਹੈ ਤਾਂ ਵੈਰੀਆਂ ਨੂੰ ਕੱਟ ਵੱਢ ਕੇ ਮਾਸ ਦੇ ਟੁਕੜੇ ਕਰ ਦਿੰਦੀ ਹੈ।

**ਮਹਾਤੇਜ ਕੀ ਤੇਜਤਾ ਤੇਜਵੰਤੀ॥**
**ਪ੍ਰਜਾ ਕੰਡਨੀ ਦੰਡਨੀ ਸਤ੍ਰਹੰਤੀ॥**
**ਮਹਾ ਬੀਰਬਿਦਿਆ ਮਹਾਬੀਰ ਰੂਪੰ॥**
**ਮਹਾਭੀਰ ਮੈ ਬੀਰਦਾਤੀ ਬਿਰੂਪੰ॥ ੫॥**

**ਪਦ ਅਰਥ** =

**ਮਹਾਤੇਜ** = ਛੇ ਜੋਤਾਂ। **ਕੰਡਨੀ** = ਕੰਡ (ਪਿੱਠ) ਪੂਰਨ ਵਾਲੀ। **ਦੰਡਨੀ** = ਸਜ਼ਾ ਦੇਣ ਵਾਲੀ।

**ਅਰਥ** =

1. ਛੇ ਜੋਤਾਂ ਵਿਚ ਤੇਰੀ ਤੇਜ਼ ਅੱਗ ਹੈ ਅਤੇ ਤੂੰ ਪੂਰਨ ਜੋਤਿ ਵਾਲੀ ਹੈ।

2. ਆਪਣੇ ਭਗਤਾਂ ਅਥਵਾ ਆਮ ਪਰਜਾ ਦੀ ਪਿੱਠ ਪੂਰਨ ਵਾਲੀ ਅਤੇ ਦੁਸ਼ਮਣਾਂ ਨੂੰ ਸਜ਼ਾ ਦੇ ਕੇ ਮਾਰਨ ਵਾਲੀ ਹੈ।

Scanned with CamScanner

3. ਵੱਡੀ ਸਸਤ੍ਰ ਵਿੱਦਿਆ ਵੀ ਤੂੰ ਹੀ ਹੈ ਅਤੇ ਅਸਤ੍ਰ ਵਿੱਦਿਆ ਨਿਪੁੰਨ ਵੱਡੇ ਧਨੁਖਧਾਰੀ ਸੂਰਮਿਆਂ ਦਾ ਰੂਪ ਵੀ ਤੂੰ ਹੀ ਹੈ।

4. ਵੱਡੇ ਜੰਗ ਵਿਚ ਤੂੰ ਆਪਣੇ ਭਗਤਾਂ ਨੂੰ ਵੀ ਬੀਰਰਸ ਦੇਣ ਵਾਲੀ ਬੀਰਦਾਤੀ ਹੈ ਅਤੇ ਦੁਸ਼ਮਣਾਂ ਵਾਸਤੇ ਤੂੰ **ਬਿਰੂਪਾ** = ਧਰਮਰਾਜੇ ਦੀ ਘਰਵਾਲੀ ਦਾ ਰੂਪ ਹੈ।

**ਤੁਹੀ ਸੈਫ ਪਟਾ ਮਹਾਕਾਟ ਕਾਤੀ॥**
**ਅਨੁਗ ਆਪਣੇ ਕੋ ਅਭੈ ਦਾਨ ਦਾਤੀ॥**
**ਜੇਊ ਮਿਯਾਨ ਤੇ ਬੀਰ ਤੋ ਕੋ ਸੜਕੈ॥**
**ਪ੍ਰਲੈਕਾਲ ਕੇ ਸੰਦ ਬਕੈ ਕੜਕੈ॥੬॥**

**ਪਦ ਅਰਥ** =

**ਸੈਫ** = ਸਿਧੀ ਤਲਵਾਰ। **ਪਟਾ** = ਕਿਰਚ ਦੇ ਆਕਾਰ ਵਾਲੀ ਪਤਲੀ ਤਲਵਾਰ। **ਕਾਤੀ** = ਕਰਨ ਵਾਲੀ। **ਅਨੁਗ** = ਸੇਵਕ। **ਬਕੈ** = ਟੇਢਾ ਕਰਨਾ (ਮਾਰਨਾ)। **ਪ੍ਰਲੈਕਾਲ** = ਧਰਮਰਾਜ ਵਾ ਮੌਤ ਦਾ ਸਮਾਂ।

**ਅਰਥ** =

1. ਤੂੰ ਸਿੱਧੀ ਅਤੇ ਪਤਲੀ **ਮਹਾਕਾਟ** = ਸਮੁੰਦਰ ਜਿੱਡੀ ਵਿਸ਼ਾਲ ਜਾਂ ਬਹੁਤਾ ਕੱਟਣ ਵਾਲੀ ਤਲਵਾਰ ਹੈ।

2. ਤੂੰ ਆਪਣੇ ਸੇਵਕ ਨੂੰ ਨਿਰਭੈਤਾ ਦਾ ਦਾਨ ਦੇਣ ਵਾਲੀ ਦਾਤੀ ਹੈ।

3. ਜਦੋਂ ਕੋਈ ਸੂਰਮਾ ਤੈਨੂੰ ਸੜੱਕ ਕਰਕੇ ਮਿਆਨ ਵਿਚੋਂ ਕੱਢਦਾ ਹੈ।

4. ਉਸ ਸਮੇਂ ਤੂੰ ਵੈਰੀ ਨੂੰ ਧਰਮਰਾਜੇ ਦਾ ਹਥਿਆਰ ਕਟਾਰ ਬਣ ਕੇ ਛੇਤੀ ਮਾਰ ਦਿੰਦੀ ਹੈ।

**ਧਸੈ ਖੇਤ ਮੈਂ ਹਾਥ ਲੈ ਤੋਹਿ ਸੂਰੇ॥**
**ਭਿਰੈ ਸਾਮੁਹੇ ਸਿਧਿ ਸਾਵੰਤ ਪੂਰੇ॥**
**ਕਰੈ ਹਾਥ ਦ੍ਵੈ ਕਾਢਿ ਕੈ ਮਿਯਾਨ ਮੈ ਤੇ॥**
**ਫਤੇ ਪਾਇ ਹੈ ਬੀਰ ਮੈਦਾਨ ਮੈ ਤੇ॥੭॥**

Scanned with CamScanner

ਪਦ ਅਰਥ =

ਸਿਧਿ ਸਾਵੰਤ = ਆਲੌਕਿਕ ਸ਼ਕਤੀ ਵਾਲਾ ਸੂਰਮਾ ਵਾ ਜਿਸ ਸੂਰਮੇ ਨੂੰ ਸ਼ਸਤ੍ਰ ਸਿੱਧ ਹੋਣ।

ਅਰਥ =

1. ਜੋ ਸੂਰਮਾ ਤੈਨੂੰ ਹੱਥ ਵਿਚ ਲੈ ਕੇ ਜੰਗ ਦੇ ਖੇਤ ਵਿਚ ਜਾਂਦਾ ਹੈ।

2. ਜੋ ਸੂਰਮਾ ਸਨਮੁੱਖ ਹੋ ਕੇ ਜੂਝਦਾ ਹੈ, ਉਸ ਪੂਰਨ ਸੂਰਮੇ ਨੂੰ ਤੂੰ ਸਿੱਧ ਹੋ ਜਾਂਦੀ ਹੈ।

3. ਜੋ ਸੂਰਮਾ ਤੈਨੂੰ ਮਿਆਨ ਵਿਚੋਂ ਕੱਢ ਕੇ ਵੈਰੀ ਨਾਲ ਦੋ ਹੱਥ ਕਰਦਾ ਹੈ।

4. ਉਹ ਸੂਰਮਾ ਮੈਦਾਨ ਵਿਚ ਜਿੱਤ ਪ੍ਰਾਪਤ ਕਰਦਾ ਹੈ।

**ਕਟਕ ਸਤ੍ਰੁ ਮੈਂ ਅਗ੍ਰ ਹ੍ਵੈ ਫਟ ਬਾਹੈ॥**
**ਬਰੈ ਦੇਵਕੰਨਿਯਾ ਤੇਊ ਕੰਤ ਚਾਹੈ॥**
**ਮਹਾਖੇਤ ਮੈ ਜੋ ਕਰੈ ਹਾਥ ਜੇਤੇ॥**
**ਸੂਰਗਬਾਸ ਮੈ ਭੋਗਵੈ ਬਰਖ ਤੇਤੇ॥੮॥**

ਪਦ ਅਰਥ =

ਕਟਕ = ਦਲ। ਹਾਥ = ਵਾਰ। ਦੇਵਕੰਨਿਆ = ਅਪੱਛਰਾ।

ਅਰਥ =

1. ਜੋ ਸੂਰਮਾ ਵੈਰੀਆਂ ਦੇ ਦਲ ਵਿਚ ਅੱਗੇ ਹੋ ਕੇ ਤੇਰੇ ਫੱਟ= ਵਾਰ ਬਾਹੈ = ਵਾਉਂਦਾ ਹੈ।

2. ਉਨ੍ਹਾਂ ਸੂਰਮਿਆਂ ਨੂੰ ਦੇਵਕੰਨਿਆ (ਅਪੱਛਰਾ) ਪਤੀ ਬਣਾਉਣਾ ਚਾਹੁੰਦੀਆਂ ਹਨ।

3. ਭਾਰੀ ਜੰਗ ਵਿਚ ਜੋ = ਜਿਹੜਾ ਸੂਰਮਾ ਜਿੰਨੇ ਹੱਥ (ਵਾਰ) ਕਰਦਾ ਹੈ।

4. ਓਨੇ ਬਰਖ ਹੀ ਸਵਰਗ ਦੇ ਸੁੱਖ ਭੋਗਦਾ ਹੈ।

**ਸਮਰ ਸਾਮੁਹੇ ਸੀਸ ਤੋ ਪੈਂ ਚੜ੍ਹਾਵੈ॥**
**ਮਹਾਭੂਪ ਹ੍ਵੈ ਔਤਰੈ ਰਾਜ ਪਾਵੈ॥**
**ਮਹਾਭਾਵ ਸੋ ਜੋ ਕਰੈ ਤੋਰ ਪੂਜੰ॥**

Scanned with CamScanner

ਸਮਰਜੈਤ ਕੋ ਬੀਰ ਹ੍ਵੈ ਹੈ ਅਦੂਜੰ ॥੯॥

**ਪਦ ਅਰਥ** =

**ਅਦੂਜੰ** = ਅਦੁਤੀ। **ਔਤਰੈ** = ਅਵਤਾਰ ਧਾਰਦਾ ਹੈ। **ਮਹਾਭਾਵ** = ਪ੍ਰੇਮ ਨਾਲ।

**ਅਰਥ** =

1. ਜੰਗ ਦੇ ਮੈਦਾਨ ਵਿਚ ਜੋ ਤੈਨੂੰ ਸੀਸ ਭੇਟ ਕਰਦਾ ਹੈ।

2. ਉਹ ਵੱਡਾ ਰਾਜਾ ਹੋ ਕੇ ਅਵਤਾਰ ਧਾਰਦਾ ਹੈ ਅਤੇ ਰਾਜ ਭੋਗਦਾ ਹੈ।

3. ਜੋ ਸੂਰਮਾ ਜੰਗ ਜਿੱਤਣ ਲਈ ਤੇਰੀ ਪ੍ਰੇਮ ਨਾਲ ਪੂਜਾ ਕਰਦਾ ਹੈ।

4. ਜੰਗ ਜਿੱਤਣ ਨੂੰ ਉਹ ਸੂਰਮਾ ਅਦੁੱਤੀ ਹੁੰਦਾ ਹੈ। **ਅਥਵਾ** ਜੰਗ ਜਿੱਤਣ ਵਾਲਾ ਉਸ ਅਦੁੱਤੀ ਸੂਰਮੇ ਵਰਗਾ ਹੋਰ ਕਿਹੜਾ ਸੂਰਮਾ ਹੈ।

ਤੁਯੰ ਪੂਜਿ ਹੈ ਬੀਰ ਬਾਨੈਤ ਛਤ੍ਰੀ॥
ਮਹਾ ਖੜਗਧਾਰੀ ਮਹਾਂ ਤੇਜ ਅਤ੍ਰੀ॥
ਪੜ੍ਹੈ ਪ੍ਰੀਤ ਸੌਂ ਪ੍ਰਾਤ ਉਸਤੋਤ੍ਰ ਯਾ ਕੌਂ॥
ਕਰੈ ਰੁਦ੍ਰ ਕਾਲੀ ਨਮਸਕਾਰ ਤਾ ਕੌਂ॥੧੦॥

**ਪਦ ਅਰਥ** =

**ਬਾਨੈਤ** = ਧਨੁਖਧਾਰੀ। **ਉਸਤੋਤ੍ਰ** = ਜਿਸ ਵਿਚ ਉਸਤਤਿ ਭਰੀ ਹੋਵੇ।

**ਅਰਥ** =

1-2. ਵੱਡੇ ਖੜਗਧਾਰੀ, ਵੱਡੇ ਬਲ ਵਾਲੇ, ਤੀਰ ਚਲਾਉਣ ਵਾਲੇ ਸੂਰਮੇ ਛਤ੍ਰੀ ਅਤੇ ਅਤ੍ਰੀ ਤੇਰੀ ਪੂਜਾ ਕਰਦੇ ਹਨ।

3. ਜੋ ਪ੍ਰੀਤੀ ਨਾਲ ਇਸ ਅਸਤੋਤ੍ਰ ਨੂੰ ਅੰਮ੍ਰਿਤ ਵੇਲੇ ਪੜ੍ਹਦਾ ਹੈ।

4. ਉਸ ਨੂੰ ਸ਼ਿਵਜੀ ਅਤੇ ਕਾਲੀ ਵੀ ਨਮਸਕਾਰ ਕਰਦੇ ਹਨ।

ਰੁਧਿਰ ਮੰਜਨੀ ਬਿੰਜਨੀ ਹੈ ਅਗੌਤੀ॥
ਸਦਾ ਜੈ ਸਦਾ ਜੈ ਸਦਾ ਜੈ ਭਗੌਤੀ॥
ਸਦਾ ਦਾਹਿਨੀ ਦਾਸ ਕੋ ਦਾਨ ਦੀਜੈ॥

ਗੁਰੂ ਸਾਹ ਗੋਬਿੰਦ ਕੋ ਰਛ ਲੀਜੈ॥੧੧॥

**ਪਦ ਅਰਥ** =

**ਰੁਧਿਰ** = ਲਹੂ, **ਮੰਜਨੀ** = ਨਹਾਉਣ, **ਭਿੰਜਨੀ** = ਖਾਣ ਵਾਲੀ, **ਅਗੌਤੀ** = ਮਾਸ, **ਦਾਹਿਨੀ** = ਸੱਜੇ ਹੱਥ ਨਾਲ ਦਾਨ ਕਰਨ ਵਾਲੀ।

**ਅਰਥ** =

1. ਜੰਗ ਵਿਚ ਲਹੂ ਨਾਲ ਨਹਾਉਣ ਵਾਲੀ ਅਤੇ ਮਾਸ ਖਾਣ ਵਾਲੀ ਹੈ।

2. ਹੇ ਕ੍ਰਿਪਾਨ! ਤੇਰੀ ਸਦਾ ਜੈ ਜੈ ਜੈ। **ਅਥਵਾ** ਤਿੰਨਾਂ ਲੋਕਾਂ ਵਿਚ ਤਿੰਨਾਂ ਕਾਲਾਂ ਵਿਚ ਤੇਰੀ ਜੈ ਹੋਵੇ।

3. ਤੂੰ ਸਦਾ ਆਪਣੇ ਸੇਵਕਾਂ ਨੂੰ ਸੱਜੇ ਹੱਥ ਨਾਲ ਦਾਨ ਦੇਣ ਵਾਲੀ ਹੈ।

4. ਗੁਰੂ ਗੋਬਿੰਦ ਸਿੰਘ ਸਾਹਿਬ ਜੀ ਫੁਰਮਾਨ ਕਰਦੇ ਨੇ ਤੁਸੀਂ ਸਦਾ ਰੱਛਿਆ ਕਰੋ **ਅਰਥਾਤ** ਮੈਨੂੰ ਗੁਰੂ ਨਾਨਕ ਸਾਹਿਬ ਨੇ ਪਾਤਸ਼ਾਹੀ ਦਿੱਤੀ ਹੈ, ਇਸ ਲਈ ਗੁਰੂ ਗੋਬਿੰਦ ਸਿੰਘ ਜੀ ਆਪਣੇ ਆਪ ਨੂੰ ਗੁਰੂ ਸ਼ਾਹ ਗੋਬਿੰਦ ਲਿਖ ਰਹੇ ਹਨ।

ਉਸਤਤਿ ਸੰਪੂਰਨਮਸਤੁ ਸੁਭਮਸਤੁ॥ ੧॥

**ਪਦ ਅਰਥ**

**ਸੰਪੂਰਨ ਮਸਤੁ** = (ਸੰਪੂਰਨ + ਅਸਤੁ) ਪੂਰਾ ਹੋਵੇ। **ਸੁਭਮਸਤੁ** = (ਸੁਭਮ + ਅਸਤ) ਭਲਾ ਹੋਵੇ।

**ਅਰਥ**

ਸ੍ਰੀ ਸਾਹਿਬ ਜੀ ਦੀ ਉਸਤਤਿ ਪੂਰੀ ਹੋਵੇ ਜੋ ਇਸ ਨੂੰ ਪੜ੍ਹਦਾ ਹੈ ਉਸਦਾ ਭਲਾ ਹੋਵੇ।

ਇਹ ਅੰਤਿਕਾ ਲਿਖਣ ਦੀ ਪੁਰਾਣੀ ਮਰਿਯਾਦਾ ਹੈ, ਜੋ ਭਗਉਤੀ ਅਸਤੋਤ੍ਰ ਦੀ ਸਮਾਪਤੀ 'ਤੇ ਬਾਬਾ ਦੀਪ ਸਿੰਘ ਜੀ ਦੁਆਰਾ ਲਿਖੀ ਦਸਮ ਬਾਣੀ ਦੀ ਬੀੜ (ਪਟਨੇ ਸਾਹਿਬ ਵਾਲੀ ਬੀੜ) ਵਿਚ 194 ਅੰਕ 'ਤੇ ਦਰਜ ਹੈ।

ਇਸ ਅਸਤੋਤ੍ਰ ਦੇ 11 ਛੰਦ ਹਨ। ਇਸ ਕਰਕੇ ਪੰਥ ਵਿਚ ਇਸ

ਗੁਰਬਾਣੀ ਦੇ 11 ਪਾਠ ਕਰਨ ਦੀ ਮਰਯਾਦਾ ਹੈ। ਇਹ ਬਾਣੀ ਬੀਰ ਰਸ ਨਾਲ ਭਰਪੂਰ ਹੈ। ਇਸ ਕਰਕੇ ਆਮ ਸੰਗਤ ਇਸ ਦਾ ਇਕ ਪਾਠ ਜਾਂ ਵੱਧ ਤੋਂ ਵੱਧ 5 ਪਾਠ ਹੀ ਕਰਨ, ਤਿਆਰ-ਬਰ-ਤਿਆਰ ਸਿੰਘ 11 ਪਾਠ ਕਰ ਸਕਦੇ ਹਨ। ਇਥੋਂ ਤੱਕ ਭਗੌਤੀ ਅਸਤੋਤ੍ਰ ਦਾ ਪਾਠ ਪੂਰਾ ਹੋ ਜਾਂਦਾ ਹੈ।

ਇਸ ਤੋਂ ਅੱਗੇ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ।

**ਚੌਪਈ।**

**ਇਹੁ ਅਸਤੋਤ੍ਰ ਗੁਰੁ ਦਸਮੇਸ਼ੈ।**

**ਲਿਖਯੋ ਵੀਚ ਨਿਜ ਗ੍ਰੰਥ ਬਿਸੇਸ਼ੈ।**

ਇਹ ਭਗੌਤੀ ਅਸਤੋਤ੍ਰ ਗੁਰੂ ਦਸਮੇਸ਼ ਜੀ ਨੇ ਆਪਣੇ ਨਿੱਜੀ ਗ੍ਰੰਥ (ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ) ਵਿਚ ਵਿਸ਼ੇਸ਼ ਕਰਕੇ ਲਿਖਿਆ ਹੈ।

**ਅਬਚਲ ਨਗਰ ਸੁ ਪਟਨੇ ਪਿਖਯੋ।**

**ਸਤਰਾਂ ਸੈ ਬਵੰਜਾ ਮੈ ਲਿਖਯੋ। ੧੬।**

ਦਸਮੇਸ਼ ਜੀ ਦੇ ਪ੍ਰਕਾਸ਼ ਅਸਥਾਨ ਨੂੰ ਗਿਆਨੀ ਗਿਆਨ ਸਿੰਘ ਜੀ ਨੇ ਅਬਚਲ ਨਗਰ ਲਿਖਿਆ ਹੈ ਅਤੇ ਕਹਿੰਦੇ ਹਨ ਕਿ ਮੈਂ ਅਬਚਲ ਨਗਰ ਪਟਨਾ ਸਾਹਿਬ ਵਿਖੇ ਇਸ ਬਾਣੀ ਦੇ ਦਰਸ਼ਨ ਕੀਤੇ ਸਨ। ਇਸ ਬੀੜ ਦੇ ਵਿਚ ਜਿਥੇ ਭਗਉਤੀ ਅਸਤੋਤ੍ਰ ਦਰਜ ਹੈ ਉਥੇ ਹਾਸ਼ੀਏ 'ਤੇ ਇਸ ਬਾਣੀ ਦੀ ਤਰੀਕ ਸੰਮਤ 1752 ਬਿਕਰਮੀ ਫੱਗਣ ਲਿਖੀ ਹੋਈ ਹੈ।

**ਜੈਸਿ ਤੇਗ ਕੀ ਮਹਿਮਾ ਏਹੋ।**

**ਹੈ ਅਕਾਲ ਉਸਤਤਿ ਮੈ ਤੈਹੋ। ੧॥ ਰਹਾਉ॥ ੧੭॥**

ਜਿਸ ਪ੍ਰਕਾਰ ਇਹ ਕ੍ਰਿਪਾਨ ਦੀ ਮਹਿਮਾ ਹੈ। ਉਸ ਪ੍ਰਕਾਰ ਤ੍ਰਿਭੰਗੀ ਛੰਦ ਵਿਚ ਸ੍ਰੀ ਕਾਲ ਦੀ ਅਥਵਾ ਖੰਡੇ ਦੀ ਉਸਤਤਿ ਲਿਖੀ ਹੈ, ਜੋ ਬਚਿਤ੍ਰ ਨਾਟਕ ਦੇ ਆਰੰਭ ਵਿਚ ਹੈ।

ਇਹ ਛੰਦ ਬਚਿਤ੍ਰ ਨਾਟਕ ਦੇ ਆਰੰਭ ਵਿਚ ਹੈ।

**ਤ੍ਰਿਭੰਗੀ ਛੰਦ॥**

ਤਿੰਨ ਵਿਸ਼ਰਾਮਾਂ ਵਾਲੇ ਇਕ ਛੰਦ ਦਾ ਨਾਮ ਹੈ।

Scanned with CamScanner

## ਸ੍ਰੀ ਕਾਲ ਜੀ ਕੀ ਉਸਤਤਿ॥

ਸ੍ਰੀ = ਮਾਇਆ ਵਾ ਕ੍ਰਿਪਾਨ। ਕਾਲ = ਅਕਾਲ

ਅਕਾਲ ਪੁਰਖ ਜੀ ਦੀ ਸ਼ਕਤੀ (ਕ੍ਰਿਪਾਨ) ਦੀ ਉਸਤਤੀ ਕਰ ਰਹੇ ਹਾਂ।

**ਖਗਖੰਡ ਬਿਹੰਡੰ ਖਲਦਲ ਖੰਡੰ**

**ਅਤਿਰਣ ਮੰਡੰ ਬਰਬੰਡੰ॥**

**ਪਦ ਅਰਥ - ਖਗਖੰਡ** = ਖੰਡਾ, ਕ੍ਰਿਪਾਨ। **ਬਿਹੰਡੰ** = ਟੁਕੜੇ, **ਖਲਦਲ** = ਮੂਰਖਾਂ ਦਾ ਇਕੱਠ। **ਖੰਡੰ** = ਕੱਟਣਾ। **ਮੰਡੰ** = ਕੁੱਦਣ ਵਾਲਾ ਵਾ ਜੂਝਣ ਵਾਲਾ। **ਬਰਬੰਡੰ** = ਬਲਵਾਨ।

**ਅਰਥ** – ਖੰਡਾ ਵਾ ਕ੍ਰਿਪਾਨ ਮੂਰਖਾਂ ਦੇ ਦਲ ਨੂੰ ਕੱਟ ਕੇ ਟੁਕੜੇ ਕਰਦੀ ਹੈ ਅਤੇ ਬਲਵਾਨ ਹੋ ਕੇ ਜੰਗ ਨੂੰ ਮਾਣਦੀ ਹੈ।

**ਭੁਜਦੰਡ ਅਖੰਡੰ ਤੇਜ ਪ੍ਰਚੰਡੰ**

**ਜੋਤਿ ਅਮੰਡੰ ਭਾਨੁ ਪ੍ਰਭੰ॥**

**ਪਦ ਅਰਥ - ਭੁਜਦੰਡ** = ਡੰਡਿਆਂ ਵਰਗੀਆਂ ਬਾਹਵਾਂ। **ਅਮੰਡੰ** = ਹਮੇਸ਼ਾ ਵਿਸ਼ੇਸ਼ ਕਰਕੇ ਸ਼ੋਭਾ ਵਾਲੀ। **ਭਾਨੁ** = ਸੂਰਜ। **ਪ੍ਰਭੰ** = ਸ਼ੋਭਾ।

**ਅਰਥ** – ਹੇ ਕ੍ਰਿਪਾਨ ਤੇਰੀਆਂ ਬਾਹਵਾਂ ਅਸਟਭੁਜੀ ਰੂਪ ਵਿਚ ਡੰਡਿਆਂ ਵਰਗੀਆਂ ਹਨ। ਤੂੰ ਤੇਜ ਪ੍ਰਤਾਪ ਵਾਲੀ ਹੈ ਅਤੇ ਛੇ ਜੋਤਾਂ ਨੂੰ **ਅਮੰਡੰ** = ਸ਼ਿੰਗਾਰਦੀ ਹੈ। ਸੂਰਜ ਦੇ ਪ੍ਰਕਾਸ਼ ਦੀ ਸੋਭਾ ਵਾਂਗ ਜਿਸ ਦੀ ਸ਼ੋਭਾ ਹੈ।

**ਸੁਖ ਸੰਤਾ ਕਰਣੰ ਦੁਰਮਤਿ ਦਰਣੰ**

**ਕਿਲਬਿਖ ਹਰਣੰ ਅਸਿ ਸਰਣੰ॥**

**ਪਦ ਅਰਥ - ਦੁਰਮਤਿ** = ਖੋਟੀ ਮਤ। **ਦਰਣੰ** = ਦਲਣਾ। **ਕਿਲਬਿਖ**= ਪਾਪ। **ਹਰਣੰ** = ਨਾਸ਼ ਕਰਨਾ।

**ਅਰਥ** –ਨਾਮ ਜਪਣ ਵਾਲੇ ਸੰਤਾਂ ਨੂੰ ਸੁਖ ਦਿੰਦੀ ਹੈ, ਖੋਟੀ ਮਤ ਵਾਲਿਆਂ ਨੂੰ ਖਤਮ ਕਰਦੀ ਹੈ, ਪਾਪਾਂ ਨੂੰ ਨਾਸ਼ ਕਰਨ ਵਾਲੀ ਹੈ, (ਐਸੀ ਕ੍ਰਿਪਾਨ ਮੈਂ) ਤੇਰੀ ਸ਼ਰਣ ਵਿਚ ਦਿੰਦਾ ਹਾਂ।

**ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣਿ**

Scanned with CamScanner

**ਮਮ ਪ੍ਰਤਿਪਾਰਣ ਜੈ ਤੇਗੰ॥੨॥**

**ਪਦ ਅਰਥ** - ਉਬਾਰਣਿ = ਬਚਾਉਣਾ। ਪ੍ਰਤਿਪਾਰਣ = ਪਾਲਣਾ।

**ਅਰਥ** –ਜਗਤ ਦੇ ਕਾਰਣ ਸਰੂਪ ਤੇਰੀ ਜੈ-ਜੈਕਾਰ ਹੋਵੇ, ਤੂੰ ਸ੍ਰਿਸਟੀ ਨੂੰ ਬਚਾਉਣ ਵਾਲੀ ਹੈ ਅਤੇ ਮੇਰੀ ਪਾਲਣਾ ਕਰਨ ਵਾਲੀ ਹੈ, ਹੇ ਕ੍ਰਿਪਾਨ ਤੇਰੀ ਸਦਾ ਜੈ ਹੋਵੇ।

ਇਸ ਤੋਂ ਅੱਗੇ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ।

**ਦੋਹਿਰਾ॥**

**ਬਚਨ ਇਤਿਯਾਦਿਕ ਗੁਰੂ ਕੇ, ਇਸ਼ਟ ਕਹਿਤ ਕਿਰਪਾਨ।**
**ਯਾਹੀ ਤੇ ਸਿਖ ਰਖਤ ਹੈਂ, ਇਸ਼ਟ ਦੇਵ ਨਿਜਮਾਨ। ੧੮॥**

1. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਇਤਿਆਦਿਕ ਹੋਰ ਵਚਨ ਕਹੇ ਹਨ, ਇਹ ਸਾਰੇ ਕ੍ਰਿਪਾਨ ਨੂੰ ਇਸ਼ਟ ਕਹਿੰਦੇ ਹਨ।

2. ਇਸ ਕਰਕੇ ਸਿੱਖ ਹਮੇਸ਼ਾ ਕ੍ਰਿਪਾਨ ਨੂੰ ਗਾਤਰੇ ਧਾਰਨ ਕਰਦੇ ਹਨ, ਆਪਣਾ ਇਸ਼ਟ ਜਾਣ ਕੇ।

**ਪਰਤਖ ਗੁਰੂ ਉਪਦੇਸ਼ਟਾ ਗੁਰੂ ਸਰੂਪ ਪਛਾਨ।**
**ਇਸ਼ਟ ਦੇਵ ਗੁਰੂ ਗ੍ਰੰਥ ਯੋ ਰਾਖਯੋ ਨਿਸਚੇ ਮਾਨ। ੧੯॥**

ਨਿਸ਼ਚਾ ਕਰਕੇ ਸਿੱਖ ਇਹ ਮੰਨਦੇ ਹਨ ਕਿ ਪਰਤਖ ਉਪਦੇਸ਼ ਦੇਣ ਵਾਲੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ।

**ਗਯਾਨ ਬਿਗਯਾਨ ਅਕਾਲ ਕੋ ਗੁਰੂ ਗ੍ਰੰਥ ਤੇ ਹੋਤ।**
**ਪ੍ਰਤਿਪਾਦਕ ਪ੍ਰਤਿਪਾਦਯ ਜੁਗ ਰੂਪ ਅਕਾਲ ਉਦੋਤ। ੨੦॥**

**ਪਦ ਅਰਥ** =

**ਪ੍ਰਤਿ ਪਾਦਕ** = ਗਿਆਨ ਦੇਣ ਵਾਲੇ। **ਪ੍ਰਤਿਪਾਦਯ** = ਗ੍ਰੰਥ ਵਿਚ ਜੋ ਲਿਖਿਆ ਹੈ।

**ਅਰਥ** =

1. ਕਿਉਂਕਿ ਗਿਆਨ ਅਤੇ ਆਤਮ ਗਿਆਨ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪ੍ਰਾਪਤ ਹੁੰਦਾ ਹੈ।

2. ਗੁਰੂ ਗ੍ਰੰਥ ਸਾਹਿਬ ਜੀ ਪ੍ਰਤਿਪਾਦਕ ਹਨ।

Scanned with CamScanner

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਕਾਲ ਪੁਰਖ ਦਾ ਗਿਆਨ ਪ੍ਰਤਿਪਾਦਯ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਜੀ ਅਤੇ ਅਕਾਲ ਪੁਰਖ ਇਕੋ ਰੂਪ ਹਨ।

**ਉਤਮ ਮਧਮ ਨਰ ਅਧਿਕਾਰੀ ਤ੍ਰੈ ਭਾਂਤਿ।**
**ਤੀਨੋ ਹਿਤ ਤ੍ਰੈ ਗੁਰੁ ਵਚਨ ਕਰੇ ਬਖਯਾਤ। ੨੧॥**

1. ਤਿੰਨ ਪ੍ਰਕਾਰ ਦੇ ਅਧਿਕਾਰੀ ਹਨ ਇਕ ਉਤਮ ਦੂਜਾ ਮਧਮ ਅਤੇ ਤੀਜਾ ਕਨਿਸ਼ਟ (ਨੀਵਾਂ)।

2. ਤਿੰਨ ਪ੍ਰਕਾਰ ਦੇ ਸਿੱਖ ਹਨ ਇਸ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਿੰਨ ਪ੍ਰਕਾਰ ਦੇ ਇਸ਼ਟ ਕਹੇ ਹਨ।

**ਤਮ ਪ੍ਰਧਾਨ ਖਤਰੀਨ ਕੋ ਇਸ਼ਟ ਆਹਿ ਕ੍ਰਿਪਾਨ।**
**ਰਜ ਪ੍ਰਧਾਨ ਕਰਤੀਨ ਕੋ ਇਸ਼ਟ ਗ੍ਰੰਥ ਗੁਰੁ ਜਾਨੁ। ੨੨॥**

1. ਜੋ ਅਸਤ੍ਰਧਾਰੀ ਸੂਰਮੇ ਹਨ ਉਨ੍ਹਾਂ ਵਿਚ ਗੁੱਸਾ ਵੱਧ ਹੋਣ ਕਰਕੇ (ਉਹ ਤਮੋਗੁਣੀ ਹਨ) ਉਨ੍ਹਾਂ ਦਾ ਇਸ਼ਟ ਕ੍ਰਿਪਾਨ ਹੈ।

2. **ਕਰਤੀਨ** = ਕਿਰਤ ਕਰਨ ਵਾਲੇ ਸਿੱਖ ਹਨ ਉਨ੍ਹਾਂ ਦਾ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਇਸੇ ਲਈ ਗ੍ਰਹਿਸਤੀ ਸਿੱਖ ਗੁਰੂ ਗ੍ਰੰਥ ਸਾਹਿਬ ਨੂੰ ਸੱਜੇ ਹੱਥ ਕਰਕੇ ਪ੍ਰਕਰਮਾ ਕਰਦੇ ਹਨ ਅਤੇ ਨਿਹੰਗ ਸਿੰਘ ਕ੍ਰਿਪਾਨ ਅਤੇ ਗੁਰੂ ਗ੍ਰੰਥ ਸਾਹਿਬ ਵਾਲੇ ਪਾਸੇ ਰੱਖ ਕੇ ਪ੍ਰਕਰਮਾ ਕਰਦੇ ਹਨ। ਨਿਹੰਗ ਸਿੰਘਾਂ ਦਾ ਮੰਨਣਾ ਹੈ ਕਿ ਸਾਡਾ ਇਸ਼ਟ ਕ੍ਰਿਪਾਨ ਅਤੇ ਗੁਰੂ ਗ੍ਰੰਥ ਸਾਹਿਬ ਦੋਨੋਂ ਹੀ ਹਨ ਅਤੇ ਅਸੀਂ ਦੋਨੋਂ ਨੂੰ ਇਕ ਪਾਸੇ ਰੱਖ ਕੇ ਪ੍ਰਕਰਮਾ ਕਰਦੇ ਹਾਂ।

**ਸਤ ਪ੍ਰਧਾਨ ਬ੍ਰਿਕਤਾਨ ਕੋ ਆਹਿ ਅਕਾਲ ਉਪਾਸਯ।**
**ਤਾਂ ਤੇ ਸਭਨ ਕਲਯਾਨ ਹਿਤ ਤ੍ਰੈ ਇਸ਼ਟ ਕਰੇ ਪ੍ਰਕਾਸ। ੨੩॥**

1. ਜਿਨ੍ਹਾਂ ਸਿੱਖਾਂ ਵਿਚ ਸਤੋਗੁਣ ਪ੍ਰਧਾਨ ਹੈ ਉਹ ਬਿਰਕਤ (ਬਿਹੰਗਮ) ਸਿੱਖ ਹਨ ਉਨ੍ਹਾਂ ਦਾ **ਉਪਾਸਯ** = ਉਪਾਸ਼ਨਾ ਕਰਨ ਵਾਲਾ ਇਸ਼ਟ ਅਕਾਲ ਪੁਰਖ ਹਨ।

2. ਇਸ ਲਈ ਸਾਰੇ ਸਿੱਖ ਦੇ ਕਲਿਆਨ ਲਈ ਤਿੰਨ ਪ੍ਰਕਾਰ ਦੇ ਇਸ਼ਟ ਕਹੇ ਹਨ। ਇਨ੍ਹਾਂ ਤਿੰਨਾਂ ਵਿਚ ਕੋਈ ਫਰਕ ਨਹੀਂ ਕਿਉਂਕਿ ਇਕ

ਅਕਾਲ ਪੁਰਖ ਅਤੇ ਦੂਜਾ ਅਕਾਲ ਪੁਰਖ ਤੋਂ ਉਸ ਦਾ ਪ੍ਰਤੱਖ ਰੂਪ ਕ੍ਰਿਪਾਨ ਹੈ ਅਤੇ ਆਤਮ-ਗਿਆਨ ਲਈ ਗੁਰਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਇਨ੍ਹਾਂ ਤਿੰਨਾਂ ਰੂਪਾਂ ਵਿਚ ਅੰਤਰ ਨਹੀਂ ਜਾਣਨਾ ਤਿੰਨੋ ਇਸ਼ਟ ਇਕ ਸਮਾਨ ਹਨ।

**ਪਰਤਖ ਬਪੁ ਅਕਾਲ ਕੋ ਪਿਖੀਅਤ ਗ੍ਰੰਥ ਕ੍ਰਿਪਾਨ।**
**ਸੂਖਮ ਰੂਪ ਅਕਾਲ ਕੋ ਲਖਤ ਸੰਤ ਮਧ ਧਿਆਨ। ੨੪॥**

1. ਅਕਾਲ ਪੁਰਖ ਦੇ ਪ੍ਰਤੱਖ ਰੂਪ ਗੁਰੂ ਗ੍ਰੰਥ ਸਾਹਿਬ ਅਤੇ ਕ੍ਰਿਪਾਨ ਹਨ।

2. ਜੋ ਨਿਰਗੁਣ ਅਕਾਲ ਪੁਰਖ ਦਾ ਸੂਖਮ ਸਰੂਪ ਹੈ ਉਸ ਨੂੰ ਸੰਤ ਜਨ ਧਿਆਨ ਲਾ ਕੇ ਧਿਆਨ ਦੇ ਮੱਧ ਵਿਚ (ਲਖਤ) ਜਾਣਦੇ ਅਥਵਾ ਦੇਖਦੇ ਹਨ।

**ਨਾਮ ਨਾਮੀ ਤਨ ਜੀਵ ਸਮ ਤੀਨੋ ਏਕ ਸਰੂਪ।**
**ਅਧਿਕਾਰੀ ਤੈ ਭੇਦ ਤ੍ਰੈ ਤ੍ਰੈ ਬਪੁ ਕਥੇ ਅਨੂਪ। ੨੫॥**

1. ਜਿਵੇਂ ਨਾਮ ਅਤੇ ਨਾਮੀ, ਸਰੀਰ ਅਤੇ ਆਤਮਾ ਇਕ ਰੂਪ ਹੀ ਹਨ।

2. ਇਸ ਤਰ੍ਹਾਂ ਕ੍ਰਿਪਾਨ ਅਤੇ ਗੁਰੂ ਗ੍ਰੰਥ ਸਾਹਿਬ ਅਤੇ ਅਕਾਲ ਪੁਰਖ ਵਿਚ ਕੋਈ ਫਰਕ ਨਹੀਂ। ਤਿੰਨ ਪ੍ਰਕਾਰ ਦੇ ਅਧਿਕਾਰੀ ਹੋਣ ਕਰਕੇ ਹੀ ਤਿੰਨ ਪ੍ਰਕਾਰ ਦੇ ਇਸ਼ਟ ਦੇਵ ਕਹੇ ਹਨ।

**ਪਰਤਖ ਨੇਤ੍ਰਨ ਵਿਸ਼ੇ ਇਸ਼ਟ ਗ੍ਰੰਥ ਕ੍ਰਿਪਾਨ।**
**ਸੁਧ ਨੇਤ੍ਰ ਬੁਧਿਸੇ ਲਖਤ ਜਨ ਅਕਾਲ ਭਗਵਾਨ। ੨੬॥**

1. ਪ੍ਰਤੱਖ ਨੇਤਰਾਂ ਨਾਲ ਗੁਰੂ ਗ੍ਰੰਥ ਸਾਹਿਬ ਜੀ ਅਤੇ ਕ੍ਰਿਪਾਨ ਦੇ ਦਰਸ਼ਨ ਕੀਤੇ ਜਾਂਦੇ ਹਨ।

2. ਅਤੇ ਸ਼ੁੱਧ ਮਨ ਬੁੱਧ ਦੇ ਨੇਤਰਾਂ ਨਾਲ ਸੰਤ ਜਨ ਅਕਾਲ ਪੁਰਖ ਦੇ ਦਰਸ਼ਨ ਕਰਦੇ ਹਨ।

ਸੋ ਏਸ ਪ੍ਰਸੰਗ ਵਿਚ ਗਿਆਨੀ ਗਿਆਨ ਸਿੰਘ ਜੀ ਨੇ ਭਾਈ ਰਤਨ ਸਿੰਘ ਭੰਗੂ ਕ੍ਰਿਪਾਨ ਦੀ ਪੂਜਾ ਬੁੱਤ ਪ੍ਰਸਤੀ ਨਹੀਂ ਕ੍ਰਿਪਾਨ ਦੀ ਪੂਜਾ ਅਕਾਲ ਪੁਰਖ ਦੀ ਪੂਜਾ ਹੈ।

Scanned with CamScanner

ਇਤਿਸ੍ਰੀ ਭਗਉਤੀ ਬ੍ਰਹਮ ਕਵਚ ਭਗਉਤੀ ਅਸਤੋਤ੍ਰ ਸ਼੍ਰੋਮਣੀ ਟੀਕਾ, ਜੀਵਨ ਗਊ ਰੱਖਿਅਕ ਬਾਬਾ ਪਾਲਾ ਸਿੰਘ ਜੀ ਵਿਰਚਿਤੰ ਗਿਆਨੀ ਗੁਰਵਿੰਦਰ ਸਿੰਘ ਨੰਗਲੀ ਸਮਾਪਤਮਸਤੁ ਸੁਭਮਸਤੁ॥

## ਬ੍ਰਹਮ ਕਵਚ ਪਾਠ ਕਰਨ ਦੇ ਮਰਯਾਦਾ ਭੇਦ

**ਕੋਟਿ ਪਰਾਧ ਹਮਾਰੇ ਖੰਡਹੁ**
**ਅਨਿਕ ਵਿਧੀ ਸਮਝਾਵਹੁ॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)**

ਸ੍ਰੀ ਗੁਰੂ ਅਰਜਨ ਦੇਵ ਜੀ ਜਗਿਆਸੂਆਂ ਨੂੰ ਉਪਦੇਸ਼ ਦਿੰਦੇ ਹੋਏ ਫੁਰਮਾਨ ਕਰਦੇ ਹਨ ਕਿ ਹੇ ਵਾਹਿਗੁਰੂ! ਸਾਡੇ ਪਾਪਾਂ ਦਾ ਨਾਸ ਕਰੋ ਅਤੇ ਅਨੇਕਾਂ ਵਿਧੀਆਂ ਨਾਲ ਪ੍ਰਮਾਤਮਾ ਨੂੰ ਸਿਮਰਨ ਕਰਨ ਦੀ ਦਾਤ ਬਖ਼ਸ਼ੋ।

ਪੁਰਾਤਨ ਸਮੇਂ ਤੋਂ ਹੀ ਗੁਰਮੁਖਾਂ ਅੰਦਰ ਵਾਹਿਗੁਰੂ ਨੂੰ ਅਨੇਕਾਂ ਵਿਧੀਆਂ ਨਾਲ ਸਿਮਰਿਆਂ ਜਾਂਦਾ ਹੈ। ਜਿਵੇਂ ਸ੍ਰੀ ਅਖੰਡ ਪਾਠ, ਸਪਤਾਹਿਕ ਪਾਠ, ਸਪਤਾਹਿਕ ਦੂਜਾ, ਦਿਨਾਂ ਨੂੰ ਮਿਥ ਕੇ ਸਹਿਜ ਪਾਠ ਕਰਨਾ ਅਤੇ ਖੁੱਲ੍ਹੇ ਸਮੇਂ ਵਿਚ ਸਹਿਜ ਪਾਠ ਕਰਨਾ। ਇਸੇ ਤਰ੍ਹਾਂ ਹੀ ਬ੍ਰਹਮ ਕਵਚ ਦਾ ਪਾਠ ਵੀ ਅਨੇਕਾਂ ਵਿਧੀਆਂ ਨਾਲ ਕੀਤਾ ਜਾਂਦਾ ਹੈ।

੧. ਨਿਤਨੇਮ ਤੋਂ ਬਾਅਦ, ੧ ਪਾਠ ਤੋਂ ੩੨ ਪਾਠਾਂ ਤੱਕ ਜਿੰਨੇ ਵੀ ਪਾਠ ਹੋ ਸਕਣ ਓਨੇ ਪਾਠ ਕਰਨੇ।

੨. ਖੁੱਲ੍ਹੇ ਸਮੇਂ ਵਿਚ ਸਵਾ ਲੱਖ ਪਾਠ ਕਰਨਾ।

੩. ਪਰਿਵਾਰ ਵਿਚ ਸਾਂਝੇ ਤੌਰ 'ਤੇ ਖੁੱਲ੍ਹਾ ਸਵਾ ਲੱਖ ਪਾਠ ਕਰਨਾ।

੪. ਜੇਕਰ ਕੋਈ ਜ਼ਿਆਦਾ ਕਾਰਜ ਅੜਿਆ ਹੋਵੇ ਤਾਂ ਪਹਿਲਾਂ ਮੂਲਮੰਤ੍ਰ ਫਿਰ ਗੁਰਮੰਤ੍ਰ ਅਤੇ ਬ੍ਰਹਮ ਕਵਚ ਦਾ ਪਾਠ ਕਰਨਾ ਅਤੇ ਸਮਾਪਤੀ ਤੇ ਸ੍ਰੀ ਵਾਹਿਗੁਰੂ ਜੀ ਸਹਾਇ॥ ਸ੍ਰੀ ਗੁਰਦੇਵ ਏ ਨਮਹ॥ ਕਹਿ ਕੇ ਪਾਠ ਦਾ ਭੋਗ ਪਾਉਣਾ। ਨਿਰਮਲ ਆਸਣ ਵਿਛਾ ਕੇ, ਜੋਤਿ ਜਗ੍ਹਾ ਕੇ, ਜਲ ਰੱਖ ਕੇ ਉੱਤਰ ਦਿਸ਼ਾ ਨੂੰ ਮੂੰਹ ਕਰਕੇ ਇਸ ਵਿਧੀ ਨਾਲ ੩੨ ਪਾਠ ਕਰਨ 'ਤੇ ਵੱਡੇ ਤੋਂ ਵੱਡੇ ਕੰਮਾਂ ਵਿਚ ਸਫ਼ਲਤਾ ਪ੍ਰਾਪਤ ਹੁੰਦੀ ਹੈ।

Scanned with CamScanner

੫. ਉਦਾਸੀਨ ਮਹਾਤਮ ਦੀਵਾਲੀ ਦੀ ਰਾਤ ਨੂੰ ਇਸ ਬਾਣੀ ਦਾ ਵਿਸ਼ੇਸ਼ ਜਾਪ ਦੱਸਦੇ ਹਨ। ਸ੍ਰੀ ਰਹਿਰਾਸ ਸਾਹਿਬ ਦੇ ਪਾਠ ਤੋਂ ਬਾਅਦ ਖੜ੍ਹੇ ਹੋ ਕੇ ਸ੍ਰੀ ਸਾਹਿਬ ਹੱਥ ਵਿਚ ਫੜ ਕੇ ੧੦ ਪਾਠ ਕਰਨੇ ਅਤੇ ਇਕ ਕੇਲਾ ਝਟਕਾ ਕਰਨਾ ਉਪਰੰਤ ੧੧ ਪਾਠ ਕਰਕੇ ਦੂਜਾ ਕੇਲਾ ਝਟਕਾ ਕਰਨਾ ਅਤੇ ਤੀਜੀ ਵਾਰ ੧੧ ਪਾਠ ਕਰਕੇ ਤੀਜਾ ਕੇਲਾ ਝਟਕਾ ਦੇਣਾ।

੬. ਕਈ ਸਿੰਘ ਰਾਤ ਨੂੰ ਖੜ੍ਹੇ ਹੋ ਕੇ ਸਾਰੀ ਰਾਤ ਚੰਡੀ ਦੀ ਵਾਰ ਦਾ ਪਾਠ ਕਰਦੇ ਹਨ। ਇਸ ਤਰ੍ਹਾਂ ਪਾਠ ਕਰਨ ਸਮੇਂ ਧੂਪ, ਜੋਤਿ ਜਗਾਉਣੀ ਚਾਹੀਦੀ ਹੈ। ਕੁਝ ਸਿੰਘ ਇਸ ਪਾਠ ਦੇ ਨਾਲ-ਨਾਲ ਬ੍ਰਹਮ ਕਵਚ ਦਾ ਪਾਠ ਵੀ ਕਰਦੇ ਹਨ।

ਨੋਟ-ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਟ ਅਖੰਡ ਪਾਠ ਤਿਆਰ ਬਰ ਤਿਆਰ ਸਿੰਘ ਹੀ ਕਰ ਸਕਦੇ ਹਨ ਅਤੇ ਸਹਿਜ ਪਾਠ ਕੋਈ ਵੀ ਕਰ ਸਕਦਾ ਹੈ। ਇਸ ਪ੍ਰਕਾਰ ਬ੍ਰਹਮ ਕਵਚ ਦੀ ਜੰਗੀ ਮਰਯਾਦਾ ਕੇਵਲ ਤਿਆਰ ਬਰ ਤਿਆਰ ਸਿੰਘ ਹੀ ਕਰਨ ਅਤੇ ਖੁੱਲ੍ਹੀ ਮਰਯਾਦਾ ਨਾਲ ਕੋਈ ਵੀ ਪਾਠ ਕਰ ਸਕਦਾ ਹੈ।

ਭਗੌਤੀ ਬ੍ਰਹਮ ਕਵਚ ਤੋਂ ਬਗੈਰ ਸਿੱਖ ਪੰਥ ਅੰਦਰ ਜੋ ਹੋਰ ਕਵਚਾਂ ਅਤੇ ਅਸਤੋਤ੍ਰਾਂ ਦਾ ਪਾਠ ਕੀਤਾ ਜਾਂਦਾ ਹੈ ਉਨ੍ਹਾਂ ਦਾ ਮੂਲ ਪਾਠ ਅੱਗੇ ਛਾਪਿਆ ਹੈ।

Scanned with CamScanner

# ਰਾਮ ਅਸਤੋਤ੍ਰ

## ਗੋਂਡ ਮਹਲਾ ੫ ॥

ਰਾਮ ਰਾਮ ਸੰਗਿ ਕਰਿ ਬਿਉਹਾਰ ॥
ਰਾਮ ਰਾਮ ਰਾਮ ਪ੍ਰਾਨ ਅਧਾਰ ॥
ਰਾਮ ਰਾਮ ਰਾਮ ਕੀਰਤਨੁ ਗਾਇ ॥
ਰਮਤ ਰਾਮੁ ਸਭ ਰਹਿਓ ਸਮਾਇ ॥੧ ॥
ਸੰਤ ਜਨਾ ਮਿਲਿ ਬੋਲਹੁ ਰਾਮ ॥
ਸਭ ਤੇ ਨਿਰਮਲ ਪੂਰਨ ਕਾਮ ॥੧ ॥ ਰਹਾਉ ॥
ਰਾਮ ਰਾਮ ਧਨੁ ਸੰਚਿ ਭੰਡਾਰ ॥
ਰਾਮ ਰਾਮ ਰਾਮ ਕਰਿ ਆਹਾਰ ॥
ਰਾਮ ਰਾਮ ਵੀਸਰਿ ਨਹੀ ਜਾਇ ॥
ਕਰਿ ਕਿਰਪਾ ਗੁਰਿ ਦੀਆ ਬਤਾਇ ॥੨ ॥
ਰਾਮ ਰਾਮ ਰਾਮ ਸਦਾ ਸਹਾਇ ॥
ਰਾਮ ਰਾਮ ਰਾਮ ਲਿਵ ਲਾਇ ॥
ਰਾਮ ਰਾਮ ਜਪਿ ਨਿਰਮਲ ਭਏ ॥
ਜਨਮ ਜਨਮ ਕੇ ਕਿਲਬਿਖ ਗਏ ॥੩ ॥
ਰਮਤ ਰਾਮ ਜਨਮ ਮਰਣੁ ਨਿਵਾਰੈ ॥
ਉਚਰਤ ਰਾਮ ਭੈ ਪਾਰਿ ਉਤਾਰੈ ॥
ਸਭ ਤੇ ਊਚ ਰਾਮ ਪਰਗਾਸ ॥
ਨਿਸਿ ਬਾਸੁਰ ਜਪਿ ਨਾਨਕ ਦਾਸ ॥੪ ॥੮ ॥੧੦ ॥

Scanned with CamScanner

# ਰਾਮ ਕਵਚ

## ਗੋਂਡ ਮਹਲਾ ੫ ॥

ਜਾ ਕਉ ਰਾਖੈ ਰਾਖਣਹਾਰੁ ॥
ਤਿਸ ਕਾ ਅੰਗੁ ਕਰੇ ਨਿਰੰਕਾਰੁ ॥੧॥ ਰਹਾਉ ॥
ਮਾਤ ਗਰਭ ਮਹਿ ਅਗਨਿ ਨ ਜੋਹੈ ॥
ਕਾਮੁ ਕ੍ਰੋਧੁ ਲੋਭੁ ਮੋਹੁ ਨ ਪੋਹੈ ॥
ਸਾਧਸੰਗਿ ਜਪੈ ਨਿਰੰਕਾਰੁ ॥
ਨਿੰਦਕ ਕੈ ਮੁਹਿ ਲਾਗੈ ਛਾਰੁ ॥੧॥
ਰਾਮ ਕਵਚੁ ਦਾਸ ਕਾ ਸੰਨਾਹੁ ॥
ਦੂਤ ਦੁਸਟ ਤਿਸੁ ਪੋਹਤ ਨਾਹਿ ॥
ਜੋ ਜੋ ਗਰਬੁ ਕਰੇ ਸੋ ਜਾਇ ॥
ਗਰੀਬ ਦਾਸ ਕੀ ਪ੍ਰਭੁ ਸਰਣਾਇ ॥੨॥
ਜੋ ਜੋ ਸਰਣਿ ਪਇਆ ਹਰਿ ਰਾਇ ॥
ਸੋ ਦਾਸੁ ਰਖਿਆ ਅਪਣੈ ਕੰਠਿ ਲਾਇ ॥
ਜੇ ਕੋ ਬਹੁਤੁ ਕਰੇ ਅਹੰਕਾਰੁ ॥
ਓਹੁ ਖਿਨ ਮਹਿ ਰੁਲਤਾ ਖਾਕੂ ਨਾਲਿ ॥੩॥
ਹੈ ਭੀ ਸਾਚਾ ਹੋਵਣਹਾਰੁ ॥
ਸਦਾ ਸਦਾ ਜਾਈਂ ਬਲਿਹਾਰ ॥
ਅਪਣੇ ਦਾਸ ਰਖੇ ਕਿਰਪਾ ਧਾਰਿ ॥
ਨਾਨਕ ਕੇ ਪ੍ਰਭ ਪ੍ਰਾਣ ਅਧਾਰ ॥੪॥੧੮॥੨੦॥

(ਅੰਗ ੮੬੮)

# ਭਗਉਤੀ ਬ੍ਰਹਮ ਕਵਚ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ਹੈ॥
ਸ੍ਰੀ ਭਗਉਤੀ ਜੀ ਸਹਾਇ॥
ਅਥ ਭਗਉਤੀ ਬ੍ਰਹਮ ਕਵਚ ਲਿਖ੍ਯਤੇ॥
ਪਾਤਿਸਾਹੀ ੧੦॥

ਖੜਗਖੰਡਾਅਸੀ ਅਰਿਗਰਿ ਧਰਮਰੱਛਿ ਤੱਗਛੱਤ੍ਰੀ॥
ਬਿਸ੍ਵਪਾਲਿ ਭੂਪਾਲਪੱਛ ਪਲਭੱਛ ਰਣਕੱਛਅੱਤ੍ਰੀ॥੧॥
ਰਾਜਮੰਡਾ ਅਤਿਪ੍ਰਚੰਡਾ ਈਸ੍ਵਰੀ ਕਰਵਾਰਿ ਹੈਂ॥
ਸਕਤਿ ਬ੍ਰਹਮਨੀ ਬਿਸਨਵੀ ਭਵਾਨੀ ਤੂੰ ਤਰਵਾਰਿ ਹੈਂ॥੨॥
ਨਿਤਜਿਯੋਤੀ ਮੁਕਤਿਦਾਇਕ ਧਾਰਾਧਰਕ੍ਰਿਪਾਨ ਹੈਂ॥
ਚੰਡਿਕਾ ਮ੍ਰਿਤੁ ਜਗਤ ਜਨਨੀ ਕਾਲਿਕਾ ਗੁਨਖਾਨਿ ਹੈਂ॥੩॥
ਅਕਾਲਜਿਯੋਤੀ ਨਿਹਕਲੰਕਾ ਮਹਾਬਲੀ ਧ੍ਰਿਤਮਾਨਿ ਹੈਂ॥
ਭਵਮਾਨਕਾ ਖਲਹਾਨਕਾ ਰੱਤਪਾਨਕਾ ਜਗਮਾਨਿ ਹੈਂ॥੪॥
ਇਹ ਕਵਚ ਬ੍ਰਹਮਾ ਕੋ ਬਤੀਸਾ ਪਢੈ ਜੋ ਨਿਤ ਛੱਤ੍ਰੀ॥
ਰਣਿ ਜੀਤ ਲਹੈ ਨ੍ਰਿਭੀਤ ਰਹਿ ਰਿਧਿ ਸਿਧਿ ਪਾਵੈ ਅੱਤ੍ਰੀ॥੫॥
ਲਹਿ ਬੇਦ ਭੇਦ ਜੋ ਪਢੈ ਬਿਪ੍ਰ ਬੈਸ੍ਯ ਧਨ ਸੁਖ ਸੰਪਤਾ॥
ਧਨ ਧਾਮ ਤਨ ਅਰੋਗ ਸੂਦਰ ਪਾਇ ਸੁਖ ਅਕੰਪਤਾ॥ ੬॥੧॥

ਦੋਹਰਾ॥

ਇਹ ਬੋਲਾ ਹਰਿਗੋਬਿੰਦ ਕਾ ਸੁਣੋ ਖਾਲਸਾ ਬੀਰ॥
ਫਤਿਹ ਪਾਉ ਮੈਦਾਨ ਮੈ ਪਕੜ ਹਾਥਿ ਸਮਸੀਰ॥੧॥

Scanned with CamScanner

# ਭਗਉਤੀ ਅਸਤੋਤ੍ਰ

ਅਥ ਜੁਧ ਪ੍ਰਬੰਧ ਲਿਖਿਯਤੇ॥ ਤ੍ਵਪ੍ਰਸਾਦਿ॥
ੴ ਸ੍ਰੀ ਵਾਹਿਗੁਰੂ ਜੀ ਕੀ ਫਤੇ ਹੈ॥
ਸ੍ਰੀ ਭਗਉਤੀ ਜੀ ਸਹਾਇ॥
ਭੁਜੰਗ ਪ੍ਰਯਾਤ ਛੰਦ॥
ਸ੍ਰੀ ਸਾਹਿਬ ਜੀ ਕੀ ਉਸਤਤਿ ਪਾਤਿਸਾਹੀ ੧੦॥

ਨਮੋ ਸ੍ਰੀ ਭਗਉਤੀ ਬਢੈਲੀ ਸਰੋਹੀ॥
ਕਰੈ ਏਕ ਤੇ ਦ੍ਵੈ ਸੁਭਟ ਹਾਥ ਸੋਹੀ॥
ਮਹਾਲੋਹ ਕੀ ਪੁਤ੍ਰਿਕਾ ਝਲਹਲੰਤੀ॥
ਨਮੋ ਜੋਗ ਜ੍ਵਾਲਾਮੁਖੀ ਜਿਯੋ ਬਲੰਤੀ॥੧॥ ਰਹਾਉ॥
ਮਹਾਪਾਨ ਕੀ ਭਾਨੁ ਗੰਗਾ ਤਰੰਗੀ॥
ਭਿਰੈ ਸਾਮੁਹੇ ਮੋਖਦਾਤੀ ਅਭੰਗੀ॥
ਨਮੋ ਤੇਗ ਤਰਵਾਰ ਸ੍ਰੀ ਖਗ ਖੰਡਾ॥
ਮਹਾਰੁਦ੍ਰ ਰੂਪਾ ਬਿਰੂਪਾ ਪ੍ਰਚੰਡਾ॥੨॥
ਮਹਾ ਤੇਜਧਾਰਾ ਦੁਖੰਡਾ ਦੁਧਾਰਾ॥
ਮਹਾ ਸਤ੍ਰਬਨ ਕੋ ਮਹਾਭੀਮ ਆਰਾ॥
ਮਹਾਕਾਲ ਕੀ ਕਾਲਿਕਾ ਕਾਲ ਕ੍ਰੁਧੰ॥
ਮਹਾ ਬਿਗ੍ਰਹੀ ਬੁਧਿ ਕੀ ਸਿਧਿ ਉਰਧੰ॥੩॥
ਮਹਾਪਾਤਿਨੀ ਤੂੰ ਪ੍ਰਲੈਕਾਲ ਕਰਤੀ॥
ਮਹਾਅਸਤ੍ਰ ਤੂੰ ਹੀ ਮਹਾਸਤ੍ਰੁ ਹਰਤੀ॥
ਮਹਾਕਾਟ ਕੀ ਲਾਟ ਬਿਕਰਾਲ ਭੀਮੰ॥
ਬਹੀ ਤਛ ਮੁਛੰ ਕਰੈ ਸਤ੍ਰੁ ਕੀਮੰ॥੪॥
ਮਹਾਤੇਜ ਕੀ ਤੇਜਤਾ ਤੇਜਵੰਤੀ॥
ਪ੍ਰਜਾ ਕੰਡਨੀ ਦੰਡਨੀ ਸਤ੍ਰੁਹੰਤੀ॥
ਮਹਾ ਬੀਰਬਿਦਿਆ ਮਹਾਬੀਰ ਰੂਪੰ॥
ਮਹਾਭੀਰ ਮੈ ਬੀਰਦਾਤੀ ਬਿਰੂਪੰ॥੫॥

Scanned with CamScanner

ਤੁਂਹੀ ਸੈਫ ਪਟਾ ਮਹਾਕਾਟ ਕਾਤੀ॥
ਅਨੁਗ ਆਪਣੇ ਕੋ ਅਭੈ ਦਾਨ ਦਾਤੀ॥
ਜੇਊ ਮਿਯਾਨ ਤੇ ਬੀਰ ਤੋ ਕੋ ਸੜਕੈ॥
ਪ੍ਰਲੈਕਾਲ ਕੇ ਸੰਦ ਬਕੈ ਕੜਕੈ॥੬॥
ਧਸੈ ਖੇਤ ਮੈਂ ਹਾਥ ਲੈ ਤੋਹਿ ਸੂਰੇ॥
ਭਿਰੈ ਸਾਮੁਹੇ ਸਿਧਿਸਾਵੰਤ ਪੂਰੇ॥
ਕਰੈ ਹਾਥ ਦ੍ਵੈ ਕਾਢਿ ਕੈ ਮਿਯਾਨ ਮੈ ਤੇ॥
ਫਤੇ ਪਾਇ ਹੈ ਬੀਰ ਮੈਦਾਨ ਮੈ ਤੇ॥੭॥
ਕਟਕ ਸਤ੍ਰੁ ਮੈਂ ਅਗ੍ਰ ਹ੍ਵੈ ਫਟ ਬਾਹੈ॥
ਬਰੈ ਦੇਵਕੰਨਿਯਾ ਤੇਊ ਕੰਤ ਚਾਹੈ॥
ਮਹਾਖੇਤ ਮੈ ਜੋ ਕਰੈ ਹਾਥ ਜੇਤੇ॥
ਸੁਰਗਬਾਸ ਮੈ ਭੋਗਵੈ ਬਰਖ ਤੇਤੇ॥੮॥
ਸਮਰ ਸਾਮੁਹੇ ਸੀਸ ਤੋ ਪੈਂ ਚੜ੍ਹਾਵੈ॥
ਮਹਾਭੂਪ ਹ੍ਵੈ ਔਤਰੈ ਰਾਜ ਪਾਵੈ॥
ਮਹਾਭਾਵ ਸੋ ਜੋ ਕਰੈ ਤੋਰ ਪੂਜੰ॥
ਸਮਰਜੈਤ ਕੋ ਬੀਰ ਹ੍ਵੈ ਹੈ ਅਦੂਜੰ॥੯॥
ਤੁਯੰ ਪੂਜਿ ਹੈ ਬੀਰ ਬਾਨੈਤ ਛਤ੍ਰੀ॥
ਮਹਾ ਖੜਗਧਾਰੀ ਮਹਾਂ ਤੇਜ ਅਤ੍ਰੀ॥
ਪੜ੍ਹੈ ਪ੍ਰੀਤ ਸੋਂ ਪ੍ਰਾਤ ਉਸਤੋਤ੍ਰ ਯਾ ਕੌ॥
ਕਰੈ ਰੁਦ੍ਰ ਕਾਲੀ ਨਮਸਕਾਰ ਤਾ ਕੌ॥੧੦॥
ਰੁਧਿਰ ਮੰਜਨੀ ਬਿੰਜਨੀ ਹੈ ਅਗੌਤੀ॥
ਸਦਾ ਜੈ ਸਦਾ ਜੈ ਸਦਾ ਜੈ ਭਗੌਤੀ॥
ਸਦਾ ਦਾਹਿਨੀ ਦਾਸ ਕੋ ਦਾਨ ਦੀਜੈ॥
ਗੁਰੂ ਸਾਹ ਗੋਬਿੰਦ ਕੋ ਰਛ ਲੀਜੈ॥੧੧॥
ਉਸਤਤਿ ਸੰਪੂਰਨਮਸਤੁ ਸੁਭਮਸਤੁ॥੧॥

Scanned with CamScanner

# ਸੂਰਜ ਕਵਚ ਅਸਤੋਤ੍ਰ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥ ਪਾਤਿਸਾਹੀ ੧੦॥
ਬਿਸਨੁਪਦ ਸਾਰੰਗ॥

ਪ੍ਰਿਥਮੈ ਸੂਰਜ ਨਾਮ ਬਿਜਯਕਰ॥
ਮਹਾਤਪੀ ਬਲਵੰਤ ਧਨੁਖਧਰ॥
ਬਾਰੰਬਾਰ ਨਮਾਮਿ ਅਪਾਰਾ॥
ਦੁਤੀਏ ਨਾਮ ਆਦਿਤਯ ਉਚਾਰਾ॥੨੩੩॥੯੯੪॥
ਬਾਰ ਬਾਰ ਬੰਦਤ ਦਿਨਨਾਥਾ॥
ਬਿਜਯ ਦਿਵਾਕਰ ਸਮਰਥ ਗਾਥਾ॥
ਸੰਪਤਿ ਸਗਲ ਪੁਤ੍ਰ ਫਲਦਾਇਕ॥
ਭਯਹਾਰਨ ਜਯ ਭਾਸਕਰ ਨਾਇਕ॥੨੩੪॥੯੯੫॥
ਸਤ੍ਰ ਮਿਤ੍ਰ ਹੋਵਤ ਤ੍ਰ ਜਾਪਤਿ॥
ਹਰਿ ਹਰਿ ਕਰਤ ਕਾਲ ਕ੍ਰਿਤ ਕਾਂਪਤਿ॥
ਸਵਿਤਾ ਨਾਮ ਪ੍ਰਚੰਡ ਪ੍ਰਗ ਬਪੁ॥
ਜਿਹ ਸਿਮਰੇ ਬਿਤ ਬ੍ਰਿਧ ਸੁ ਜਪ ਤਪ॥ ੨੩੫॥ ੯੯੬॥
ਕਸਯਪਿ ਕੁਲਿ ਰਵਿ ਤੇਜ ਨਿਧਾਨਾ॥
ਸੁਖ ਪਾਵਤ ਸੇਵਤ ਸੁਰਗਯਾਨਾ॥
ਨਿਸਦਿਨ ਜਪਤ ਭਾਸਕਰ ਜੋਊ॥
ਸੰਤਤ ਬ੍ਰਿਧ ਸਫਲ ਬਿਧ ਸੋਊ॥ ੨੩੬॥ ੯੯੭॥
ਕਸਯਪਿ ਕੁਲਿ ਸ੍ਰੀ ਪ੍ਰਿਥ੍ਰੀ ਪਾਲਾ॥
ਬਿਜਯ ਧਾਮ ਰਣਮੰਡਿ ਬਿਸਾਲਾ॥
ਭਾਨੁ ਮਹਿੰਦ੍ਰ ਸੀਲ ਜਸਵੰਤਾ॥
ਸੇਵਿਤ ਸਾਧੁ ਸਿੱਧ ਭਗਵੰਤਾ॥ ੨੩੭॥ ੯੯੮॥
ਸਹੰਸਮੁਖੀ ਰਵਿ ਤੇਜ ਨਿਧਾਨਾ॥

ਮੰਗਲਕਰ ਦਾਇਕ ਕਲਯਾਨਾ॥
ਦਿਨਮਣਿ ਪਰਮਪੁਰਖ ਪ੍ਰਧਾਨਾ॥
ਸੇਵਤ ਮੰਗਲ ਬਿਬਿਧ ਨਿਧਾਨਾ॥ ੨੩੮॥ ੬੮੯॥
ਪ੍ਰਿਥੀਪਾਲ ਪ੍ਰਜਾਪਤਿ ਸੇਸੂ॥
ਰਣਿ ਮੰਡਲ ਨਿਤ ਬਿਜਯ ਮਹੇਸੂ॥
ਸੇਵਤਿ ਜੋ ਇਕ ਚਿਤ ਦਿਵਾਕਰ॥
ਹਰਤ ਤਾਪ ਸੰਤਾਪ ਦਾਰਿਦ੍ਰ॥ ੨੩੯॥ ੬੯੦॥
ਨਾਮ ਅਨੰਤ ਅਨੰਤ ਸ੍ਵਰੂਪਾ॥
ਦ੍ਵਾਦਸ ਪ੍ਰਗਟ ਪ੍ਰਚੰਡ ਅਨੂਪਾ॥
ਨਾਮ ਠਾਮ ਘਟਿ ਘਟਿ ਕੇ ਬਾਸੀ॥
ਆਦਿ ਅਨੰਤ ਸ੍ਰਿਸ੍ਟਿ ਪ੍ਰਕਾਸੀ॥ ੨੪੦॥ ੬੯੧॥
ਦੁਆਦਸ ਨਾਮ ਜਪੈ ਜੋ ਕੋਈ॥
ਧਾਰਤ ਹ੍ਰਿਦਯ ਇਕਾਗ੍ਰ ਹੋਈ॥
ਮਨ ਬਾਛਿਤ ਸਭਿ ਫਲ ਕੋ ਲਹੈ॥
ਦੁਆਦਸ ਨਾਮ ਦਾਸ ਜੋ ਕਹੈ॥ ੨੪੧॥ ੬੯੨॥

ਬਿਸਨੁਪਦ ਸਾਰੰਗ॥

ਪੁਤ੍ਰ ਅਰਥ ਜਾਚੈ ਜੋ ਪ੍ਰਾਨੀ॥
ਤਤ ਗ੍ਰਹ ਹੋਤ ਪੂਰ ਸੁਰਗਯਾਨੀ॥
ਜੋ ਇਛਾ ਧਨ ਕੀ ਕਰਿ ਧਯਾਵਤ॥
ਅਮਿਤ ਬਿਤ ਅਸਥਿਰ ਤਤ ਪਾਵਤ॥ ੨੪੨॥ ੬੯੩॥
ਭੋਗ ਹੇਤੁ ਸੇਵਤ ਜੋ ਨਰਾ॥
ਸੁਰਪੁਰ ਪਾਵਤ ਬਰਤ ਅਛਰਾ॥
ਸਮਰ ਅਰਥ ਜੋ ਜਪਤ ਮਨੁੱਖਾ॥
ਪਾਵਤ ਬਿਜਯ ਸੁਜਸ ਬਹੁ ਸੁਖਾ॥ ੨੪੩॥ ੬੯੪॥

ਜੋ ਜੋ ਅਰਥ ਭਜਤ ਪ੍ਰਭੁ ਨਾਮਾ॥
ਮਨਬਾਛਿਤ ਫਲ ਲਭਤ ਸਕਾਮਾ॥
ਸਮਰਥਿ ਜਾਨ ਕਰਤ ਸਭਿ ਸੇਵਾ॥
ਪੂਜਾ ਨਾਥ ਪਾਵਨ ਗੁਰਦੇਵਾ॥ ੨੪੪॥ ੯੯੫॥
ਨਮਸਕਾਰ ਕੋਟਿਕ ਪਦ ਬੰਦਨ॥
ਕ੍ਰਿਪਾ ਸਿੰਧੁ ਅਘ ਅਸੁਰ ਨਿਕੰਦਨ॥
ਅੰਤਰਜਾਮੀ ਸਭਿ ਬਿਧ ਜਾਨਤ॥
ਅਨਬੋਲਤ ਕੀ ਪੀਰ ਪਛਾਨਤ॥ ੨੪੫॥ ੯੯੬॥
ਅਗਮ ਅਗੋਚਰ ਉਸਤਤਿ ਮਾਹੀ॥
ਨਿਜ ਦਾਸਨਿ ਕੈ ਸੰਗ ਬਸਾਹੀ॥
ਪੜੈ ਭੀਰ ਦੀਨਨ ਰਖ ਕਰਹੀ॥
ਆਰਤਿ ਮੇਟੰ ਦੀਨ ਉਬਰਹੀ॥ ੨੪੬॥ ੯੯੭॥
ਜਬ ਕੋਈ ਜਾਚਨ ਜਨ ਲਾਗੈ॥
ਦੇਤ ਤਥਾਸਤ ਸਿਧ ਅਨੁਰਾਗੈ॥
ਹ੍ਰਿਦਯ ਸੁਧ ਇਕ ਚਿਤ ਹ੍ਵੈ ਧਜਾਵੈ॥
ਧਰਮ ਮੂਰਤਿ ਪ੍ਰਭੁ ਤਿਹ ਢਿਗ ਆਵੈ॥ ੨੪੭॥ ੯੯੮॥

# ਧੰਨਵਾਦ ਅਤੇ ਸਨਿਮ੍ਰ ਬੇਨਤੀ

ਦਾਸ ਸਭ ਤੋਂ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਅਤੇ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਸਾਰੇ ਮੁੱਖੀਆਂ ਅਤੇ ਆਪਣੇ ਵਿੱਦਿਆ ਗੁਰੂਆਂ ਅਤੇ ਉਨ੍ਹਾਂ ਵਿਦਵਾਨਾਂ ਸੱਜਣਾਂ ਦਾ ਧੰਨਵਾਦ ਕਰਨਾ ਚਾਹੁੰਦਾ ਹੈ ਜਿਨ੍ਹਾਂ ਤੋਂ ਦਾਸ ਨੂੰ ਇਸ ਹੱਥਲੀ ਪੁਸਤਕ ਲਿਖਣ ਦੀ ਪ੍ਰੇਰਨਾ ਅਤੇ ਉਤਸ਼ਾਹ ਮਿਲਿਆ ਅਤੇ ਜਿਨ੍ਹਾਂ ਦੀ ਕਿਰਪਾ ਅਤੇ ਸਹਿਯੋਗ ਦੇ ਨਾਲ ਇਹ ਪੁਸਤਕ ਨਿਰਵਿਘਨ ਸੰਪੂਰਨ ਹੋਈ ਹੈ। ਦਾਸ ਕੋਈ ਵਿਦਵਾਨ (ਜਾਂ) ਲੇਖਕ ਨਹੀਂ ਹੈ। ਇਹ ਪੁਸਤਕ ਲਿਖਣੀ ਅਤੇ ਇਸ ਦਾ ਸੰਪੂਰਨ ਹੋਣਾ ਇਹ ਸਾਰੀ ਅਕਾਲ ਪੁਰਖ ਦੀ ਕਿਰਪਾ ਬਖ਼ਸ਼ਿਸ਼ ਹੈ, ਜੋ ਅਕਾਲ ਪੁਰਖ ਜੀ, ਵਿੱਦਿਆ ਗੁਰੂ ਜਨਾਂ ਅਤੇ ਵਿਦਵਾਨ ਸੱਜਣਾਂ ਦੇ ਹਿਰਦੇ ਵਿਚ ਵਸੇ ਅਤੇ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਸੰਪੂਰਨ ਹੋਈ ਹੈ।

ਯਥਾ – ਜਿਸ ਕਾ ਕਾਰਜੁ ਤਿਨ ਹੀ ਕੀਆ, ਮਾਣਸੁ ਕਿਆ ਵੇਚਾਰਾ ਰਾਮ॥
(ਅੰਗ ੭੮੪)

ਦਾਸ ਸਿੰਘ ਸਾਹਿਬ ਜੱਥੇਦਾਰ ਗਿ. ਇਕਬਾਲ ਸਿੰਘ ਜੀ ਦਾ ਅਤਿਅੰਤ ਧੰਨਵਾਦ ਕਰਦਾ ਹੈ ਜਿੰਨ੍ਹਾ ਨੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਸੁਭਾਇਮਾਨ ਬਾਬਾ ਦੀਪ ਸਿੰਘ ਤੇ ਬਾਬਾ ਸੁੱਖਾ ਸਿੰਘ ਜੀ ਦੀਆਂ ਹੱਥ ਲਿਖਤ ਦਸਮ ਬਾਣੀ ਦੀਆਂ ਬੀੜਾਂ ਦੇ ਦਰਸ਼ਨ ਕਰਵਾਏ ਅਤੇ ਦਸਮ ਬਾਣੀਆਂ ਦੇ ਪ੍ਰਚਾਰ ਤੇ ਪਰਸਾਰ ਲਈ ਉਤਸ਼ਾਹ ਬਖ਼ਸ਼ਿਆ।

ਦਾਸ ਦੇ ਵਿਦਿਆ ਗੁਰੂ ਗਿ. ਗੁਰਵਿੰਦਰ ਸਿੰਘ ਜੀ ਨੰਗਲੀ ਦਾ ਮੈਂ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਜਿੰਨ੍ਹਾਂ ਨੇ ਇਨ੍ਹਾਂ ਬਾਣੀਆਂ ਦੀ ਬਹੁਤ ਖੋਜ ਭਰਪੂਰ ਕਥਾ ਕੀਤੀ ਜਿਸ ਸਦਕਾ ਮੈਂ ਇਹ ਪੁਸਤਕ ਲਿਖੀ ਹੈ।

ਗਿ: ਮਹਿਤਾਬ ਸਿੰਘ ਭੰਬੋਈ, ਸੰਤ ਦਰਸ਼ਨ ਸਿੰਘ ਜੀ ਸ਼ਾਸਤ੍ਰੀ, ਸੰਤ ਜਸਵਿੰਦਰ ਸਿੰਘ ਜੀ ਸ਼ਾਸਤ੍ਰੀ, ਗਿ: ਗੁਰਜੰਟ ਸਿੰਘ ਪਟਿਆਲਾ, ਭਾਈ ਬੂਟਾ ਸਿੰਘ ਜੀ ਵਿਦਿਆਰਥੀ ਸ੍ਰੀ ਸਰਬਲੋਹ ਬੁੰਗਾ, ਗਿ. ਸੁਰਜੀਤ ਸਿੰਘ ਜੀ ਮੰਨਣ, ਡਾ: ਦਿਲਵਰ ਸਿੰਘ ਆਦਿਕ ਵਿਦਵਾਨ ਸੱਜਣਾਂ ਦਾ ਧੰਨਵਾਦੀ ਹੈ ਜਿਨ੍ਹਾਂ ਨੇ ਇਸ ਪੁਸਤਕ ਲਿਖਣ ਲਈ ਸਹਿਯੋਗ ਦਿੱਤਾ ਅਤੇ ਫ਼ਰਮ ਭਾਈ ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ ਵਾਲਿਆਂ ਦਾ ਧੰਨਵਾਦ ਹੈ ਜਿਨ੍ਹਾਂ ਨੇ ਇਸ ਪੁਸਤਕ ਦੀ ਟਾਇਪਿੰਗ ਅਤੇ ਛਪਾਉਣ ਦੀ ਸੇਵਾ ਕੀਤੀ।

Scanned with CamScanner

ਸੋ ਦਾਸ ਗੁਰੂ ਨਾਨਕ ਨਾਮ ਲੇਵਾ ਸਮੁੱਚੇ ਪੰਥ ਦੇ ਚਰਨਾਂ ਵਿਚ ਬੇਨਤੀ ਕਰਦਾ ਹੈ ਕਿ ਕੋਈ ਵੀ, ਭਾਵੇਂ ਕਿੱਡਾ ਵੀ ਵੱਡਾ ਵਿਦਵਾਨ ਹੋਵੇ ਉਹ ਇਸ ਗੱਲ ਦਾ ਮਾਣ ਨਹੀਂ ਕਰ ਸਕਦਾ ਕਿ ਮੈਂ ਗੁਰੂ ਕੀ ਬਾਣੀ ਦੇ ਉਚਾਰਣ ਬਿਲਕੁਲ ਠੀਕ ਲਿਖੇ ਹਨ। ਜਿਵੇਂ ਪੰਛੀ ਅਕਾਸ਼ ਵਿਚ ਉੱਚੀ ਤੋਂ ਉੱਚੀ ਉਡਾਰੀ ਮਾਰ ਕੇ ਅਨੰਦ ਤਾਂ ਮਾਣ ਸਕਦਾ ਹੈ, ਪਰ ਅਕਾਸ਼ ਦਾ ਅੰਤ ਨਹੀਂ ਪਾ ਸਕਦਾ। ਜਿਵੇਂ ਮੱਛੀ ਸਮੁੰਦਰ ਦਾ ਅੰਤ ਨਹੀਂ ਪਾ ਸਕਦੀ। ਇੰਜ ਹੀ ਦਾਸ ਵੀ ਤੁੱਛ ਬੁੱਧੀ ਵਾਲਾ ਦਸਮ ਬਾਣੀ ਦੇ ਸੰਪੂਰਨ ਗੁੱਝੇ ਭੇਦਾਂ ਨੂੰ ਸਮਝ ਨਹੀਂ ਸਕਦਾ। ਇਹ ਤੇ ਸਤਿਗੁਰਾਂ ਦੀ ਬਖ਼ਸ਼ਿਸ਼ ਅਤੇ ਤਰਸ ਹੀ ਹੈ।

ਯਥਾ - ਹਉ ਮੂਰਖ ਕਾਰੇ ਲਾਈਆ, ਨਾਨਕ ਹਰਿ ਕੰਮੇ॥

ਹਉ ਢਾਢੀ ਵੇਕਾਰ, ਕਾਰੇ ਲਾਇਆ॥

ਸੋ ਦਾਸ ਦੀ ਬੁੱਧੀ ਤੁੱਛ ਹੋਣ ਕਰਕੇ ਇਸ ਪੁਸਤਕ ਵਿਚ ਬਹੁਤ ਸਾਰੀਆਂ ਤਰੁੱਟੀਆਂ ਰਹਿਣੀਆਂ ਸੁਭਾਵਕ ਹੀ ਹਨ। ਆਪ ਗੁਰੂ ਨਾਨਕ ਨਾਮ ਲੇਵਾ ਸਾਧ ਸੰਗਤ ਬਖ਼ਸ਼ਣ ਯੋਗ ਹੋ, ਕਿਰਪਾ ਕਰਕੇ ਬਖ਼ਸ਼ ਲੈਣਾ।

ਯਥਾ - ਲੇਖੈ ਕਤਹਿ ਨ ਛੂਟੀਐ, ਖਿਨੁ ਖਿਨੁ ਭੂਲਨਹਾਰਿ॥

ਬਖਸਨਹਾਰ ਬਖਸਿ ਲੈ, ਨਾਨਕ ਪਾਰਿ ਉਤਾਰ॥

(ਅੰਗ ੨੬੧)

ਤਥਾ - ਭੁਲਣ ਅੰਦਰ ਸਭੁ ਕੋ, ਅਭੁਲ ਗੁਰੂ ਕਰਤਾਰ॥

(ਅੰਗ ੬੧)

ਸਤਿਗੁਰੂ ਜੀ ਦੀ ਸੰਗਤ ਦਾ ਬਖ਼ਸ਼ਿੰਦ ਬਿਰਦ ਹੈ ਜਿੱਥੇ-ਜਿੱਥੇ ਕੋਈ ਤਰੁਟੀ ਜਾਂ ਗ਼ਲਤੀ ਵੇਖੋ ਉਥੇ ਖਿਮਾ ਕਰਨੀ ਅਤੇ ਕਿਰਪਾ ਕਰਕੇ ਆਪਣੀ ਵਡਮੁੱਲੀ ਰਾਇ ਲਿਖ ਕਰਕੇ ਦਾਸ ਨੂੰ ਸੂਚਿਤ ਕਰਕੇ ਕ੍ਰਿਤਾਰਥ ਕਰਨਾ ਤਾਂ ਜੋ ਅਗਲੀ ਐਡੀਸ਼ਨ ਵਿਚ ਸੋਧ ਹੋ ਸਕੇ।

ਗੁਰੂ ਪੰਥ ਦਾ ਦਾਸ

ਜਸਵੀਰ ਸਿੰਘ (ਕੋਹਾਲਾ)

ਵਿਦਿਆਰਥੀ ਸ੍ਰੀ ਸਰਬਲੋਹ ਬੁੰਗਾ ਨੰਗਲੀ

Scanned with CamScanner